Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 5 : # ਅੰਕ 28 | 27/07/2026 | www.samajweekly.com | samajweekly | @samajweekly | samajweekly

# ਇਰਾਨ 'ਤੇ ਸਭ ਤੋਂ ਵੱਡਾ ਹਮਲਾ ਕਰਨ ਤੋਂ ਪਿੱਛੇ ਹਟੇ ਡੋਨਾਲਡ ਟਰੰਪ

## ਸਲਾਹਕਾਰਾਂ ਅਤੇ ਕੈਬਨਿਟ ਮੈਂਬਰਾਂ ਨਾਲ ਮੁਲਾਕਾਤ ਤੋਂ ਬਾਅਦ ਫੌਜ ਨੂੰ ਕਾਰਵਾਈ ਰੋਕਣ ਦਾ ਦਿੱਤਾ ਹੁਕਮ

**ਤਹਿਰਾਨ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ 'ਤੇ ਸਭ ਤੋਂ ਵੱਡੇ ਹਮਲੇ ਨੂੰ ਫਿਲਹਾਲ ਰੋਕ ਦਿੱਤਾ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਲਾਹਕਾਰਾਂ ਅਤੇ ਕੈਬਨਿਟ ਮੈਂਬਰਾਂ ਨਾਲ ਮੁਲਾਕਾਤ ਤੋਂ ਬਾਅਦ ਡੋਨਾਲਡ ਟਰੰਪ ਨੇ ਫੌਜ ਨੂੰ ਨਵੇਂ ਵੱਡੇ ਹਮਲੇ ਰੋਕਣ ਦਾ ਹੁਕਮ ਦਿੱਤਾ। ਜਾਣਕਾਰੀ ਅਨੁਸਾਰ ਅਮਰੀਕੀ ਫੌਜੀ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਮੁਹਿੰਮ ਨੂੰ ਹੋਰ ਵਧਾਇਆ ਗਿਆ ਤਾਂ ਮਿਡਲ-ਈਸਟ ਵਿੱਚ ਤਾਇਨਾਤ ਅਮਰੀਕੀ ਫੌਜ ਕੋਲ ਪੈਟ੍ਰੀਅਟ ਇੰਟਰਸੈਪਟਰ ਮਿਜ਼ਾਈਲਾਂ ਅਤੇ ਹੋਰ ਏਅਰ ਡਿਫੈਂਸ ਹਥਿਆਰਾਂ ਦਾ ਭੰਡਾਰ ਗੰਭੀਰ ਰੂਪ ਵਿੱਚ ਘੱਟ ਸਕਦਾ ਹੈ। ਜੁਆਇੰਟ ਚੀਫਸ ਆਫ ਸਟਾਫ ਦੇ ਚੇਅਰਮੈਨ ਜਨਰਲ ਡੈਨ ਕੇਨ ਨੇ ਸਲਾਹ ਦਿੱਤੀ ਕਿ ਵੱਡੀ ਮੁਹਿੰਮ ਨਾਲ ਮਿਡਲ-ਈਸਟ ਵਿੱਚ ਤਾਇਨਾਤ ਅਮਰੀਕੀ ਸਿਪਾਹੀਆਂ ਅਤੇ ਸਹਿਯੋਗੀ ਦੇਸ਼ਾਂ ਦੀ





ਸੁਰੱਖਿਆ ਪ੍ਰਭਾਵਿਤ ਹੋ ਸਕਦੀ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਅਪ੍ਰੈਲ ਦੇ ਅੰਤ ਤੱਕ ਅਮਰੀਕਾ 1200 ਤੋਂ ਵੱਧ ਪੈਟ੍ਰੀਅਟ ਇੰਟਰਸੈਪਟਰ ਮਿਜ਼ਾਈਲਾਂ ਦੀ ਵਰਤੋਂ ਕਰ ਚੁੱਕਾ ਸੀ। ਜਦਕਿ ਇਹ ਸਪੱਸ਼ਟ ਨਹੀਂ ਹੈ ਕਿ ਹਮਲੇ ਰੋਕਣ ਦਾ ਫੈਸਲਾ ਅਸਥਾਈ ਹੈ ਜਾਂ ਲੰਬੇ ਸਮੇਂ ਤੱਕ ਲਾਗੂ ਰਹੇਗਾ। ਹਾਲਾਂਕਿ, ਜ਼ਰੂਰਤ ਪੈਣ 'ਤੇ ਅਮਰੀਕੀ ਫੌਜ ਵੱਡੀ ਫੌਜੀ ਮੁਹਿੰਮ ਲਈ ਤਿਆਰ ਰਹੇਗੀ।

# ਦੇਸ਼ ਵਿਚ ਭਾਰੀ ਮੀਂਹ ਨਾਲ ਜਨਜੀਵਨ ਪ੍ਰਭਾਵਿਤ

**ਨਵੀਂ ਦਿਲੀ।** ਮੌਸਮ ਵਿਭਾਗ ਦਾ ਕਹਿਣਾ ਹੈ ਕਿ ਬੰਗਾਲ ਦੀ ਖਾੜੀ 'ਤੇ ਬਣੇ ਘੱਟ ਦਬਾਅ ਵਾਲੇ ਸਿਸਟਮ ਅਤੇ 'ਵੈਸਟਰਨ ਡਿਸਟਰਬੈਂਸ' (ਪੱਛਮੀ ਗੜਬੜੀ) ਦੇ ਸਾਂਝੇ ਪ੍ਰਭਾਵ ਕਾਰਨ ਗੁਜਰਾਤ, ਬੰਗਾਲ, ਓਡੀਸ਼ਾ, ਮਹਾਰਾਸ਼ਟਰ ਅਤੇ ਉੱਤਰ-ਪੂਰਬੀ ਰਾਜਾਂ ਵਿੱਚ ਭਾਰੀ ਮੀਂਹ ਪੈ ਰਿਹਾ ਹੈ। ਹਾਲਾਂਕਿ, ਮੀਂਹ ਅਜੇ ਵੀ ਆਮ ਨਾਲੋਂ 16.1% ਘੱਟ ਹੈ।

ਉੱਤਰੀ ਭਾਰਤ ਵਿੱਚ 31 ਜੁਲਾਈ ਤੱਕ ਮੀਂਹ ਦਾ ਦੌਰ ਜਾਰੀ ਰਹੇਗਾ। ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਲੱਦਾਖ ਅਤੇ ਉੱਤਰਾਖੰਡ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਦੌਰਾਨ, ਅਸਾਮ ਵਿੱਚ ਹੜ੍ਹ ਦੀ ਸਥਿਤੀ ਗੰਭੀਰ ਬਣੀ ਹੋਈ ਹੈ, ਹਾਲਾਂਕਿ ਕੁਝ ਇਲਾਕਿਆਂ ਵਿੱਚ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋ ਗਿਆ ਹੈ। ਹੁਣ ਤੱਕ 66 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 7 ਲੱਖ ਤੋਂ ਵੱਧ ਲੋਕ ਹੜ੍ਹ ਨਾਲ ਪ੍ਰਭਾਵਿਤ ਹਨ।ਸ਼ਨੀਵਾਰ ਸ਼ਾਮ ਤੱਕ, ਹਿਮਾਚਲ ਪ੍ਰਦੇਸ਼ ਵਿੱਚ ਲਗਾਤਾਰ ਭਾਰੀ ਮੀਂਹ, ਜ਼ਮੀਨ ਖਿਸਕਣ ਅਤੇ ਅਚਾਨਕ ਆਏ ਹੜ੍ਹਾਂ ਕਾਰਨ 134 ਸੜਕਾਂ ਬੰਦ ਸਨ। ਚਾਰ ਜ਼ਿਲ੍ਹਿਆਂ ਲਈ 30 ਜੁਲਾਈ ਤੱਕ ਮੀਂਹ ਸਬੰਧੀ 'ਔਰੇਂਜ ਅਲਰਟ' ਜਾਰੀ ਕੀਤਾ ਗਿਆ ਹੈ। ਅੱਜ ਬਿਹਾਰ ਦੇ 17 ਜ਼ਿਲ੍ਹਿਆਂ ਲਈ ਮੀਂਹ ਸਬੰਧੀ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਹਵਾ ਦੀ ਗਤੀ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਸਕਦੀ ਹੈ। ਮੀਂਹ ਦੇ 29 ਜੁਲਾਈ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ ਅਤੇ ਬਿਜਲੀ ਡਿੱਗਣ ਦਾ ਖਤਰਾ ਵੀ ਬਣਿਆ ਹੋਇਆ ਹੈ।

ਮੌਸਮ ਵਿਗਿਆਨੀਆਂ ਅਨੁਸਾਰ, ਬਿਹਾਰ ਵਿੱਚ ਹੁਣ ਤੱਕ 277.5 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਹੈ, ਜਦੋਂ ਕਿ 442.3 ਮਿਲੀਮੀਟਰ ਮੀਂਹ ਦੀ ਉਮੀਦ ਸੀ। ਨਤੀਜੇ ਵਜੋਂ, ਰਾਜ ਵਿੱਚ




ਆਮ ਨਾਲੋਂ 37 ਫੀਸਦੀ ਘੱਟ ਮੀਂਹ ਪਿਆ ਹੈ।

ਭਲਕੇ 27 ਜੁਲਾਈ ਨੂੰ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਗੁਜਰਾਤ ਖੇਤਰ ਅਤੇ ਓਡੀਸ਼ਾ ਲਈ 'ਔਰੇਂਜ ਅਲਰਟ' ਜਾਰੀ ਕੀਤਾ ਗਿਆ ਹੈ। ਪੂਰਬੀ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਲਈ ਗਰਜ-ਤੂਫ਼ਾਨ ਅਤੇ ਬਿਜਲੀ ਡਿੱਗਣ ਸਬੰਧੀ ਅਲਰਟ ਜਾਰੀ ਕੀਤਾ ਗਿਆ ਹੈ। ਪੱਛਮੀ ਮੱਧ ਪ੍ਰਦੇਸ਼, ਪੱਛਮੀ ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼, ਵਿਦਰਭ, ਮਰਾਠਵਾੜਾ, ਤਾਮਿਲਨਾਡੂ ਜਾਂ ਤੇਲੰਗਾਨਾ ਲਈ ਕੋਈ ਚੇਤਾਵਨੀ ਜਾਰੀ ਨਹੀਂ ਕੀਤੀ ਗਈ ਹੈ।

## CHANGE OF NAME

I, **Gurwinder Singh** S/O Mr Nachhatar Singh whose permanent address in India is Vill. Durgapur, PO. Kulam, Dist. SBS Nagar, Pin: 144514 Punjab, India and is now living at 3 Spencer Close, Tividal, Oldbury, B69 1NG, UK hereby gives notice of my intention to change my name to **Gurwinder Singh Bains** subject to the approval of The High Commission of India, London.

## CHANGE OF NAME

I, **Harpreet Kaur** W/O Mr Gurwinder Singh whose permanent address in India is Vill. Durgapur, PO. Kulam, Dist. SBS Nagar, Pin: 144514 Punjab, India and is now living at 3 Spencer Close, Tividal, Oldbury, B69 1NG, UK hereby gives notice of my intention to change my name to **Harpreet Kaur Bains** subject to the approval of The High Commission of India, London.

## CHANGE OF NAME

I, **Sagar** S/O Mr Narender Singh whose permanent address in India VPO. Kalal Majra, Distt. Kurukshetra, Haryana, Pin- 136156, India, and is now living at 18 Cobham Rd, Hounslow TW5 9LA, UK hereby gives notice of my intention to change my name to **Sagar Saini** subject to the approval of The High Commission of India, London.


# ਰਾਸ਼ਟਰਮੰਡਲ ਖੇਡਾਂ 2026: ਮੀਰਾਬਾਈ ਚਾਨੂ ਨੇ ਭਾਰਤ ਨੂੰ ਦਿਵਾਇਆ ਪਹਿਲਾ ਸੋਨ ਤਮਗਾ

## 190 ਕਿੱਲੋ ਭਾਰ ਚੁੱਕ ਕੇ ਨਵਾਂ ਰਿਕਾਰਡ ਬਣਾਇਆ




**ਗਲਾਸਗੋ:** ਮੀਰਾਬਾਈ ਚਾਨੂ ਨੇ ਰਾਸ਼ਟਰਮੰਡਲ ਖੇਡਾਂ 2026 ਵਿੱਚ ਭਾਰਤ ਨੂੰ ਪਹਿਲਾ ਸੋਨ ਤਮਗਾ ਦਿਵਾ ਦਿੱਤਾ ਹੈ। ਉਨ੍ਹਾਂ ਨੇ ਮਹਿਲਾਵਾਂ ਦੇ 48 ਕਿੱਲੋ ਵੇਟਲਿਫਟਿੰਗ ਮੁਕਾਬਲੇ ਵਿੱਚ 190 ਕਿੱਲੋ (85 ਕਿੱਲੋ ਸਨੈਚ + 105 ਕਿੱਲੋ ਕਲੀਨ ਐਂਡ ਜਰਕ) ਭਾਰ ਚੁੱਕ ਕੇ ਰਾਸ਼ਟਰਮੰਡਲ ਖੇਡਾਂ ਦਾ ਰਿਕਾਰਡ ਬਣਾਉਂਦੇ ਹੋਏ ਸੋਨ ਤਮਗਾ ਆਪਣੇ ਨਾਮ ਕੀਤਾ। ਭਾਰਤ ਦੇ ਹੁਣ 3 ਤਮਗੇ (1 ਸੋਨਾ, 1 ਚਾਂਦੀ ਅਤੇ 1 ਕਾਂਸੀ) ਹੋ ਗਏ ਹਨ। ਇਸ ਤੋਂ ਪਹਿਲਾਂ ਐਤਵਾਰ ਨੂੰ ਰਿਸ਼ੀਕਾਂਤ ਸਿੰਘ ਨੇ ਪੁਰਸ਼ਾਂ ਦੇ 60 ਕਿੱਲੋ ਵਰਗ ਵਿੱਚ 264 ਕਿੱਲੋ (121+143) ਭਾਰ ਚੁੱਕ ਕੇ ਚਾਂਦੀ ਦਾ ਤਗਮਾ ਜਿੱਤਿਆ ਸੀ। ਉੱਥੇ ਹੀ, ਸ਼ੁੱਕਰਵਾਰ ਨੂੰ ਝੰਡੂ ਕੁਮਾਰ ਨੇ ਪੈਰਾ ਪਾਵਰਲਿਫਟਿੰਗ ਵਿੱਚ ਕਾਂਸੀ ਦਿਵਾ ਕੇ ਭਾਰਤ ਨੂੰ ਪਹਿਲਾ ਤਮਗਾ ਦਿਵਾਇਆ ਸੀ। ਭਾਰਤ ਹੁਣ ਤਮਗਾ ਸੂਚੀ ਵਿੱਚ ਸੱਤਵੇਂ ਸਥਾਨ 'ਤੇ ਪਹੁੰਚ ਗਿਆ ਹੈ। ਆਸਟ੍ਰੇਲੀਆ 12 ਸੋਨੇ ਦੇ ਤਮਗਿਆਂ ਸਮੇਤ 24 ਤਮਗਿਆਂ ਨਾਲ ਚੋਟੀ 'ਤੇ ਬਰਕਰਾਰ ਹੈ।

# ਵਿੱਤ ਮੰਤਰੀ ਹਰਪਾਲ ਚੀਮਾ ਨੇ ਪੇਪਰ 'ਚ ਨਕਲ ਮਾਮਲੇ 'ਤੇ ਵਿਰੋਧੀ ਧਿਰ ਦੇ ਦੋਸ਼ਾਂ ਦਾ ਦਿੱਤਾ ਜਵਾਬ, 'ਪੇਪਰ ਲੀਕ ਨਹੀਂ, ਇਹ ਨਕਲ ਦਾ ਮਾਮਲਾ ਸੀ'

## 'ਬਿਜਲੀ ਮੁਲਾਜ਼ਮਾਂ ਦੀ ਹੜਤਾਲ ਖਤਮ ਹੋਣ ਦੇ ਆਸਾਰ'



**ਪਟਿਆਲਾ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਬਿਜਲੀ ਬੋਰਡ ਦੇ ਮੁਲਾਜ਼ਮਾਂ ਨਾਲ ਹੋਈਆਂ ਲੰਬੀਆਂ ਮੈਰਾਥਨ ਮੀਟਿੰਗਾਂ ਤੋਂ ਬਾਅਦ ਜ਼ਿਆਦਾਤਰ ਮੰਗਾਂ 'ਤੇ ਸਹਿਮਤੀ ਬਣ ਗਈ ਹੈ। ਮੁਲਾਜ਼ਮ ਜਥੇਬੰਦੀਆਂ ਨੇ ਸਰਕਾਰ ਤੋਂ ਮੀਟਿੰਗ ਵਿੱਚ ਹੋਏ ਫੈਸਲਿਆਂ ਦੀ ਲਿਖਤੀ ਜਾਣਕਾਰੀ ਮੰਗੀ ਹੈ। ਲਿਖਤੀ ਭਰੋਸਾ ਮਿਲਣ ਤੋਂ ਬਾਅਦ ਉਹ ਹੜਤਾਲ ਵਾਪਸ ਲੈ ਕੇ ਕੰਮ 'ਤੇ ਪਰਤਣਗੇ।

ਹਰਪਾਲ ਚੀਮਾ ਨੇ ਦੱਸਿਆ ਕਿ ਮੀਟਿੰਗ ਵਿੱਚ ਪੀਐੱਸਈਬੀ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਬਿਜਲੀ ਮੁਲਾਜ਼ਮ ਸੰਘਰਸ਼ ਮੋਰਚਾ ਸਮੇਤ ਲਗਭਗ ਸਾਰੀਆਂ ਪ੍ਰਮੁੱਖ ਜਥੇਬੰਦੀਆਂ ਸ਼ਾਮਲ ਹੋਈਆਂ। ਲੰਬੀ ਚਰਚਾ ਤੋਂ ਬਾਅਦ ਕਈ ਅਹਿਮ ਮੁੱਦਿਆਂ 'ਤੇ ਸਹਿਮਤੀ ਬਣੀ ਹੈ। ਵਿੱਤ ਮੰਤਰੀ ਨੇ ਕਿਹਾ ਕਿ ਆਊਟਸੋਰਸ ਅਤੇ ਠੇਕੇ 'ਤੇ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਵਿਭਾਗ ਅਧੀਨ ਲਿਆਉਣ ਲਈ ਸਰਕਾਰ ਪਹਿਲਾਂ ਹੀ ਇੱਕ ਆਰਡੀਨੈਂਸ ਜਾਰੀ ਕਰ ਚੁੱਕੀ ਹੈ, ਜੋ ਇਸ ਵੇਲੇ ਰਾਜਪਾਲ ਕੋਲ ਮਨਜ਼ੂਰੀ ਲਈ ਲੰਬਿਤ ਹੈ। ਉਨ੍ਹਾਂ ਰਾਜਪਾਲ ਨੂੰ ਅਪੀਲ ਕੀਤੀ ਕਿ ਆਰਡੀਨੈਂਸ ਨੂੰ ਜਲਦ ਮਨਜ਼ੂਰੀ ਦਿੱਤੀ ਜਾਵੇ, ਤਾਂ ਜੋ ਠੇਕੇਦਾਰੀ ਪ੍ਰਣਾਲੀ ਖਤਮ ਕਰਕੇ ਮੁਲਾਜ਼ਮਾਂ ਨੂੰ ਵਿਭਾਗ ਅਧੀਨ ਲਿਆਂਦਾ ਜਾ ਸਕੇ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਸੁਰੱਖਿਆ ਮਿਲ ਸਕੇ। ਬਿਜਲੀ ਸੰਕਟ ਦੇ ਸਵਾਲ 'ਤੇ ਹਰਪਾਲ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਦਾ ਬਿਜਲੀ ਸੰਕਟ ਨਹੀਂ ਹੈ। ਉਨ੍ਹਾਂ ਦੱਸਿਆ ਕਿ ਹੜਤਾਲ ਦੌਰਾਨ ਵੀ ਵੱਡੀ ਗਿਣਤੀ ਵਿੱਚ ਮੁਲਾਜ਼ਮ ਆਪਣੀ ਡਿਊਟੀ ਨਿਭਾ ਰਹੇ ਸਨ, ਜਿਸ ਕਾਰਨ ਬਿਜਲੀ ਸੇਵਾਵਾਂ ਆਮ ਵਾਂਗ ਚੱਲਦੀਆਂ ਰਹੀਆਂ। ਪੇਪਰ ਚੀਟਿੰਗ ਮਾਮਲੇ 'ਤੇ ਵਿਰੋਧੀ ਧਿਰ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਇਹ ਪੇਪਰ ਲੀਕ ਨਹੀਂ, ਸਗੋਂ ਚੀਟਿੰਗ ਦਾ ਮਾਮਲਾ ਸੀ। ਕੁਝ ਪ੍ਰੀਖਿਆਰਥੀ ਇਲੈਕਟ੍ਰਾਨਿਕ ਉਪਕਰਣਾਂ ਦੀ ਮਦਦ ਨਾਲ ਨਕਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਜਿਨ੍ਹਾਂ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ। ਸਬੰਧਤ ਪ੍ਰੀਖਿਆਰਥੀਆਂ ਅਤੇ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਪੱਸ਼ਟ ਨਿਰਦੇਸ਼ ਹਨ ਕਿ ਇਸ ਤਰ੍ਹਾਂ ਦੀ ਕਿਸੇ ਵੀ ਗੜਬੜ ਜਾਂ ਅਪਰਾਧ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਹਰਪਾਲ ਚੀਮਾ ਨੇ ਕਿਹਾ ਕਿ ਕਾਂਗਰਸ ਪੰਜਾਬ ਦੀ ਸਿਆਸਤ ਤੋਂ ਲਗਭਗ ਖਤਮ ਹੋ ਚੁੱਕੀ ਹੈ ਅਤੇ ਉਸਦੇ ਆਗੂ ਆਪਣੀ ਸਿਆਸੀ ਜ਼ਮੀਨ ਤਲਾਸ਼ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸਾਲ 2027 ਵਿੱਚ ਵੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ਅਤੇ ਭਗਵੰਤ ਸਿੰਘ ਮਾਨ ਹੀ ਮੁੱਖ ਮੰਤਰੀ ਰਹਿਣਗੇ। ਵਿੱਤ ਮੰਤਰੀ ਨੇ ਦੱਸਿਆ ਕਿ ਮੁਲਾਜ਼ਮ ਜਥੇਬੰਦੀਆਂ ਨਾਲ ਸ਼ਨੀਵਾਰ ਦੇਰ ਰਾਤ ਤੱਕ ਕਰੀਬ ਛੇ ਘੰਟੇ ਅਤੇ ਐਤਵਾਰ ਨੂੰ ਲਗਭਗ ਚਾਰ ਘੰਟੇ ਮੀਟਿੰਗ ਚੱਲੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਾਰੇ ਮਸਲਿਆਂ ਦਾ ਗੱਲਬਾਤ ਰਾਹੀਂ ਸੁਖਾਵੇਂ ਢੰਗ ਨਾਲ ਹੱਲ ਚਾਹੁੰਦੀ ਹੈ। ਉਨ੍ਹਾਂ ਉਮੀਦ ਜਤਾਈ ਕਿ ਮੁਲਾਜ਼ਮ ਜਥੇਬੰਦੀਆਂ ਹੜਤਾਲ ਵਾਪਸ ਲੈ ਕੇ ਸੋਮਵਾਰ ਤੋਂ ਆਪਣੇ ਕੰਮ 'ਤੇ ਪਰਤ ਆਉਣਗੀਆਂ, ਜਿਸ ਨਾਲ ਆਮ ਲੋਕਾਂ ਨੂੰ ਪੂਰੀ ਰਾਹਤ ਮਿਲੇਗੀ।


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਨਵੀਂ ਦਿੱਲੀ: ਖੁੱਲ੍ਹੇ ਨਾਲੇ 'ਚ ਕਾਰ ਡਿੱਗਣ ਨਾਲ ਰਾਸ਼ਟਰੀ ਪੱਧਰ ਦੇ ਬਾਸਕਟਬਾਲ ਖਿਡਾਰੀ ਦੀ ਮੌਤ



**ਨਵੀਂ ਦਿੱਲੀ:** ਦਿੱਲੀ ਦੇ ਵਸੰਤ ਕੁੰਜ ਇਲਾਕੇ ਵਿੱਚ ਇੱਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ। ਇੱਥੇ ਦੱਖਣ-ਪੱਛਮੀ ਦਿੱਲੀ ਦੇ ਨਾਂਗਲ ਦੇਵਾਤ ਇਲਾਕੇ ਦੇ ਨੇੜੇ ਇੱਕ ਮੋੜ 'ਤੇ ਇੱਕ ਕਾਰ ਬੇਕਾਬੂ ਹੋ ਕੇ ਨਾਲੇ ਵਿੱਚ ਜਾ ਡਿੱਗੀ। ਹਾਦਸੇ ਵਿੱਚ ਕਾਰ ਵਿੱਚ ਸਵਾਰ 20 ਸਾਲਾ ਯਸ਼ਵਿੰਦਰ ਦੀ ਮੌਤ ਹੋ ਗਈ। ਯਸ਼ਵਿੰਦਰ ਭਾਰਤੀ ਫੌਜ ਦੇ ਇੱਕ ਅਧਿਕਾਰੀ ਦਾ ਪੁੱਤਰ ਸੀ ਅਤੇ ਅਮਰੀਕਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰ ਰਿਹਾ ਸੀ। ਹਾਦਸੇ ਦੇ ਸਮੇਂ ਉਹ ਆਪਣੀ ਮਹਿਲਾ ਦੋਸਤ ਨਾਲ ਕਾਰ ਵਿੱਚ ਸਵਾਰ ਸੀ। ਮਹਿਲਾ ਦੋਸਤ ਕਾਰ ਚਲਾ ਰਹੀ ਸੀ ਅਤੇ ਕਾਰ ਵੀ ਉਸ ਦੀ ਹੀ ਸੀ। ਹਾਦਸੇ ਵਿੱਚ ਉਹ ਜ਼ਖ਼ਮੀ ਹੋ ਗਈ ਹੈ, ਜਿਸ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਪੁਲਿਸ ਨੇ ਮਾਮਲਾ ਦਰਜ ਕਰਕੇ ਹਾਦਸੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ੁਰੂਆਤੀ ਜਾਂਚ ਵਿੱਚ ਤੇਜ਼ ਰਫ਼ਤਾਰ ਅਤੇ ਮੋੜ 'ਤੇ ਨਿਯੰਤਰਣ ਗੁਆਉਣਾ ਹਾਦਸੇ ਦਾ ਕਾਰਨ ਮੰਨਿਆ ਜਾ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਵਸੰਤ ਕੁੰਜ ਸਾਊਥ ਪੁਲਿਸ ਸਟੇਸ਼ਨ ਵਿੱਚ ਸੜਕ ਹਾਦਸੇ ਵਿੱਚ ਮੌਤ ਦੀ ਸੂਚਨਾ ਦੇਣ ਵਾਲੀ ਇੱਕ ਪੀ.ਸੀ.ਆਰ. ਕਾਲ ਆਈ। ਜਿਸ ਤੋਂ ਬਾਅਦ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਬਾਹਰ ਕਢਵਾਇਆ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਰਾਸ਼ਟਰਮੰਡਲ ਖੇਡਾਂ 2026 ਵਿੱਚ ਇੰਗਲੈਂਡ ਦੇ ਜਿਮਨਾਸਟਿਕ ਐਥਲੀਟ ਨਾਲ ਵਾਪਰੀ ਦੁਖਦਾਈ ਘਟਨਾ

### ਸਿਰ ਦੇ ਭਾਰ ਸਿੱਧਾ ਜ਼ਮੀਨ 'ਤੇ ਡਿੱਗਿਆ ਗੈਬ੍ਰੀਅਲ ਲੈਂਗਟਨ



**ਸਕਾਟਲੈਂਡ:** ਸਕਾਟਲੈਂਡ ਦੇ ਗਲਾਸਗੋ ਸ਼ਹਿਰ ਵਿੱਚ ਆਯੋਜਿਤ ਕੀਤੇ ਜਾ ਰਹੇ ਰਾਸ਼ਟਰਮੰਡਲ ਖੇਡਾਂ 2026 ਵਿੱਚ ਜਿਮਨਾਸਟਿਕ ਦੇ ਈਵੈਂਟ ਵਿੱਚ ਇੰਗਲੈਂਡ ਦੇ ਐਥਲੀਟ ਗੈਬ੍ਰੀਅਲ ਲੈਂਗਟਨ ਨਾਲ ਵੱਡਾ ਹਾਦਸਾ ਦੇਖਣ ਨੂੰ ਮਿਲਿਆ। ਰਾਸ਼ਟਰਮੰਡਲ ਖੇਡਾਂ 2026 ਵਿੱਚ ਜਿਮਨਾਸਟਿਕ ਦੇ ਪੁਰਸ਼ ਟੀਮ ਫਾਈਨਲ ਦੌਰਾਨ ਗੈਬ੍ਰੀਅਲ ਲੈਂਗਟਨ ਇੰਗਲੈਂਡ ਵਲੋਂ ਹਾਈ ਬਾਰ ਰੂਟੀਨ ਕਰ ਰਹੇ ਸਨ, ਇਸੇ ਦੌਰਾਨ ਅਚਾਨਕ ਉਨ੍ਹਾਂ ਦਾ ਸੰਤੁਲਨ ਵਿਗੜਨ ਕਾਰਨ ਉਹ ਸਿੱਧਾ ਸਿਰ ਅਤੇ ਧੌਣ ਦੇ ਭਾਰ ਜ਼ਮੀਨ 'ਤੇ ਡਿੱਗ ਗਏ। ਗੈਬ੍ਰੀਅਲ ਲੈਂਗਟਨ ਨੂੰ ਤੁਰੰਤ ਮੈਡੀਕਲ ਟੀਮ ਨੇ ਉਨ੍ਹਾਂ ਦੀ ਜਾਂਚ ਕਰਨ ਤੋਂ ਬਾਅਦ ਸਿੱਧਾ ਹਸਪਤਾਲ ਪਹੁੰਚਾਇਆ।

**ਗੈਬ੍ਰੀਅਲ ਲੈਂਗਟਨ ਦਾ ਹਸਪਤਾਲ ਵਿੱਚ ਕਰਵਾਇਆ ਗਿਆ ਸਕੈਨ**

ਰਾਸ਼ਟਰਮੰਡਲ ਖੇਡਾਂ 2026 ਵਿੱਚ ਗੈਬ੍ਰੀਅਲ ਲੈਂਗਟਨ ਜਦੋਂ ਹਾਈ ਬਾਰ ਕਰ ਰਹੇ ਸਨ, ਤਾਂ ਉਸੇ ਦੌਰਾਨ ਉਨ੍ਹਾਂ ਦਾ ਇੱਕ ਹੱਥ ਬਾਰ 'ਤੇ ਸਹੀ ਸਮੇਂ 'ਤੇ ਨਹੀਂ ਪਹੁੰਚ ਸਕਿਆ, ਜਿਸ ਤੋਂ ਬਾਅਦ ਉਨ੍ਹਾਂ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਸਿੱਧਾ ਸਿਰ ਅਤੇ ਧੌਣ ਦੇ ਭਾਰ ਜ਼ਮੀਨ 'ਤੇ ਡਿੱਗ ਗਏ। ਇਸ ਤੋਂ ਤੁਰੰਤ ਬਾਅਦ ਜਿੱਥੇ ਉਨ੍ਹਾਂ ਨੂੰ ਈਵੈਂਟ ਵਾਲੀ ਥਾਂ 'ਤੇ ਹੀ ਮੈਡੀਕਲ ਜਾਂਚ ਲਈ ਲਿਜਾਇਆ ਗਿਆ, ਉੱਥੇ ਹੀ ਫਿਰ ਸਕੈਨ ਕਰਵਾਉਣ ਲਈ ਹਸਪਤਾਲ ਭੇਜਿਆ ਗਿਆ। ਜਾਣਕਾਰੀ ਮੁਤਾਬਕ ਇੰਗਲੈਂਡ ਵੱਲੋਂ ਗੈਬ੍ਰੀਅਲ ਲੈਂਗਟਨ ਨਾਲ ਹੋਏ ਇਸ ਹਾਦਸੇ ਤੋਂ ਬਾਅਦ ਜਾਰੀ ਕੀਤੇ ਗਏ ਬਿਆਨ ਵਿੱਚ ਦੱਸਿਆ ਗਿਆ ਕਿ ਗੈਬ੍ਰੀਅਲ ਦੇ ਕਈ ਸਕੈਨ ਕੀਤੇ ਗਏ ਹਨ, ਜਿਨ੍ਹਾਂ ਦੀ ਰਿਪੋਰਟ ਕਾਫ਼ੀ ਚੰਗੀ ਆਈ ਹੈ ਅਤੇ ਉਹ ਕਿਸੇ ਗੰਭੀਰ ਸੱਟ ਦਾ ਸ਼ਿਕਾਰ ਨਹੀਂ ਹੋਏ ਹਨ। ਉਨ੍ਹਾਂ ਨੂੰ ਜਲਦ ਹੀ ਹਸਪਤਾਲ ਤੋਂ ਛੁੱਟੀ ਮਿਲ ਜਾਵੇਗੀ।

## 'ਕਾਰਾਂ 'ਤੇ ਪ੍ਰਯੋਗ ਬੰਦ ਕਰੋ, 100% ਚਾਹੀਦਾ ਹੈ ਪੈਟਰੋਲ', CJP ਤੋਂ ਬਾਅਦ ਹੁਣ ਮੈਦਾਨ 'ਚ E20 ਜਨਤਾ ਪਾਰਟੀ

### ਪਾਰਟੀ ਦੀ ਮੰਗ, 'ਗਾਹਕਾਂ ਨੂੰ ਇਥਾਨੌਲ ਰਹਿਤ 100% ਸ਼ੁੱਧ ਪੈਟਰੋਲ ਮੁਹੱਈਆ ਕਰਵਾਇਆ ਜਾਵੇ




**ਨਵੀਂ ਦਿੱਲੀ:** E20 ਪੈਟਰੋਲ ਦਾ ਨਾਂ ਇੱਕ ਵਾਰ ਫਿਰ ਤੋਂ ਚਰਚਾ ਵਿੱਚ ਆ ਗਿਆ ਹੈ। ਕਾਕਰੋਚ ਜਨਤਾ ਪਾਰਟੀ (CJP) ਨੇ ਨੀਟ ਪੇਪਰ ਲੀਕ ਨੂੰ ਲੈ ਕੇ ਸਰਕਾਰ ਨੂੰ ਘੇਰਿਆ, ਜਿਸ ਕਾਰਨ ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਅਸਤੀਫਾ ਦੇਣਾ ਪਿਆ। ਹੁਣ ਇੱਕ ਵਾਰ ਫਿਰ ਈਥਾਨੌਲ ਮਿਸ਼ਰਤ ਪੈਟਰੋਲ ਸੁਰਖੀਆਂ ਵਿੱਚ ਆ ਗਿਆ ਹੈ। ਹੁਣ ਸੋਸ਼ਲ ਮੀਡੀਆ 'ਤੇ ਇੱਕ ਨਵੀਂ ਪਾਰਟੀ ਉੱਤਰ ਆਈ ਹੈ, ਜਿਸ ਦਾ ਨਾਂ E20 ਜਨਤਾ ਪਾਰਟੀ ਹੈ। ਇਸ ਪਾਰਟੀ ਦੀ ਮੰਗ ਹੈ ਕਿ ਦੇਸ਼ ਦੇ ਲੋਕਾਂ ਨੂੰ E20 ਦੇ ਨਾਲ 100 ਫੀਸਦੀ ਸ਼ੁੱਧ ਪੈਟਰੋਲ ਖਰੀਦਣ ਦਾ ਵੀ ਵਿਕਲਪ ਵੀ ਮਿਲਣਾ ਚਾਹੀਦਾ ਹੈ। ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇੱਕ ਪੋਸਟ ਦੇ ਅਨੁਸਾਰ E20 ਜਨਤਾ ਪਾਰਟੀ ਖੁਦ ਨੂੰ ਨਾਗਰਿਕਾਂ ਵੱਲੋਂ ਚਲਾਇਆ ਜਾ ਰਿਹਾ ਇੱਕ ਉਪਭੋਗਤਾ ਅਧਿਕਾਰ ਮੁਹਿੰਮ ਦੱਸਦੀ ਹੈ। ਸੋਸ਼ਲ ਮੀਡੀਆ ਪਲੇਟਫਾਰਮ 'X' 'ਤੇ ਇਸ ਲਈ ਇੱਕ ਹੈਂਡਲ ਬਣਾਇਆ ਗਿਆ ਹੈ। ਪਾਰਟੀ ਦਾ ਕਹਿਣਾ ਹੈ ਕਿ ਬਾਲਣ ਨੀਤੀ ਵਿੱਚ ਪਾਰਦਰਸ਼ਤਾ, ਸਹੀ ਜਾਣਕਾਰੀ ਅਤੇ ਉਪਭੋਗਤਾਵਾਂ ਦੀ ਪਸੰਦ ਦਾ ਸਤਿਕਾਰ ਹੋਣਾ ਚਾਹੀਦਾ ਹੈ। ਪਾਰਟੀ ਮੁਤਾ-ਬਕ ਪੈਟਰੋਲ ਖਰੀਦਦੇ ਸਮੇਂ ਗਾਹਕਾਂ ਨੂੰ ਆਪਣੀ ਪਸੰਦ ਚੁਣਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.


MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161


## ਗੁਜਰਾਤ ਅਤੇ ਅਸਾਮ ਵਿਚ ਹੜ੍ਹਾਂ ਦਾ ਕਹਿਰ, ਹੁਣ ਤਕ 90 ਤੋਂ ਵੱਧ ਮੌਤਾਂ



**ਨਵੀਂ ਦਿੱਲੀ/ਅਹਿਮਦਾਬਾਦ:** ਦੇਸ਼ ਦੇ ਦੋ ਸੂਬਿਆਂ ਗੁਜਰਾਤ ਅਤੇ ਅਸਾਮ ਵਿਚ ਮੀਂਹ ਅਤੇ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਗੁਜਰਾਤ ਵਿਚ ਪਿਛਲੇ ਦੋ ਦਿਨਾਂ ਦੌਰਾਨ 35 ਮੌਤਾਂ ਦਰਜ ਕੀਤੀਆਂ ਗਈਆਂ ਹਨ, ਜਦਕਿ ਅਸਾਮ ਵਿਚ ਹੜ੍ਹਾਂ ਕਾਰਨ ਮ੍ਰਿਤਕਾਂ ਦੀ ਗਿਣਤੀ 61 ਤੱਕ ਪਹੁੰਚ ਗਈ ਹੈ। ਗੁਜਰਾਤ ਦੇ ਰਾਹਤ ਕਮਿਸ਼ਨਰ ਗੌਰੰਗ ਮਕਵਾਨਾ ਨੇ ਸਥਿਤੀ ਬਾਰੇ ਦੱਸਦਿਆਂ ਕਿਹਾ, ''ਮੀਂਹ ਰੁਕਣ ਅਤੇ ਬਚਾਅ ਕਾਰਜ ਸਮਾਪਤ ਹੋਣ ਤੋਂ ਬਾਅਦ ਹੜ੍ਹ ਦੇ ਪਾਣੀ ਵਿਚ ਵਹਿ ਗਈਆਂ ਲਾਸ਼ਾਂ ਬਰਾਮਦ ਹੋਣ ਨਾਲ ਸੂਬੇ ਵਿਚ ਹੁਣ ਤਕ ਕੁਲ 35 ਮੌਤਾਂ ਦੀ ਰੀਪੋਰਟ ਮਿਲੀ ਹੈ।'' ਨਵਸਾਰੀ ਦੇ ਕੁਲੈਕਟਰ ਮਨੀਸ਼ ਗੁਰਵਾਨੀ ਅਨੁਸਾਰ, ''ਅਸੀਂ 14,000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ। ਐੱਨ.ਡੀ.ਆਰ.ਐੱਫ. ਅਤੇ ਐੱਸ.ਡੀ.ਆਰ.ਐੱਫ. ਵਲੋਂ 1,200 ਖਾਸ ਬਚਾਅ ਅਭਿਆਨ ਚਲਾਏ ਗਏ। ਭਾਰਤੀ ਕੋਸਟ ਗਾਰਡ ਨੇ ਮੇਂਧੜ-ਗੰਦੇਵੀ ਤੋਂ 60 ਲੋਕਾਂ ਨੂੰ ਹਵਾਈ ਮਾਰਗ ਰਾਹੀਂ ਸੁਰੱਖਿਅਤ ਥਾਂ ਪਹੁੰਚਾਇਆ ਗਿਆ।'' ਵਲਸਾਡ ਦੇ ਕੁਲੈਕਟਰ ਨਿਤਿਨ ਸੰਗਵਾਨ ਨੇ ਨੁਕਸਾਨ ਦੇ ਮੁਆਵਜ਼ੇ ਬਾਰੇ ਕਿਹਾ, ''ਸੋਮਵਾਰ ਤੋਂ ਅਸੀਂ ਘਰੇਲੂ ਸਮਾਨ, ਦਿਹਾੜੀ ਅਤੇ ਪਸ਼ੂਆਂ ਦੇ ਨੁਕਸਾਨ ਦੀ ਭਰਪਾਈ ਲਈ ਸਿੱਧੇ ਬੈਂਕ ਟਰਾਂਸਫਰ ਜਾਂ ਨਕਦ ਰਾਹਤ ਰਾਸ਼ੀ ਵੰਡਣਾ ਸ਼ੁਰੂ ਕਰਾਂਗੇ।''

# ਅਕਾਲੀ ਦਲ ਵਾਰਿਸ ਪੰਜਾਬ ਯੂਕੇ ਦੀ ਰਾਸ਼ਟਰੀ ਮੀਟਿੰਗ ਕੋਵੈਂਟਰੀ ਵਿਖੇ ਸੰਪੰਨ, 13 ਮੈਂਬਰੀ ਕਮੇਟੀ ਦਾ ਗਠਨ

**ਲੈਸਟਰ(ਇੰਗਲੈਂਡ), 26ਜੁਲਾਈ (ਸੁਖਜਿੰਦਰ ਸਿੰਘ ਢੱਡੇ)** ਅਕਾਲੀ ਦਲ ਵਾਰਿਸ ਪੰਜਾਬ ਯੂਕੇ ਦੀ ਰਾਸ਼ਟਰੀ ਮੀਟਿੰਗ ਕੋਵੈਂਟਰੀ ਵਿਖੇ ਹੋਈ, ਜਿਸ ਵਿੱਚ ਜਥੇਬੰਦੀ ਨਾਲ ਸਬੰਧਤ ਆਗੂਆਂ ਅਤੇ ਮੈਂਬਰਾਂ ਨੇ ਸ਼ਮੂਲੀਅਤ ਕਰਦਿਆਂ ਸੰਗਠਨ ਦੀਆਂ ਭਵਿੱਖੀ ਗਤੀਵਿਧੀਆਂ ਅਤੇ ਜਥੇਬੰਦੀ ਨੂੰ ਹੋਰ ਮਜ਼ਬੂਤ ਬਣਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਵਿੱਚ ਜਗਰੂਪ ਸਿੰਘ, ਪ੍ਰਭਜੀਤ ਸਿੰਘ ਔਲਖ, ਗੁਰਵਿੰਦਰ ਸਿੰਘ, ਜਸਵੀਰ ਸਿੰਘ, ਸੰਤੋਖ ਸਿੰਘ, ਗੁਰਬਿਦਰ ਸਿੰਘ ਗਿੱਲ, ਗੁਰਦੇਵ ਸਿੰਘ, ਭਗਵੰਤ ਸਿੰਘ, ਗੁਰਜੀਤ ਸਿੰਘ, ਰਮਨਪ੍ਰੀਤ ਸਿੰਘ, ਜਸਵਿੰਦਰ ਸਿੰਘ ਬਾਲ, ਸੁਖਵਿੰਦਰ ਸਿੰਘ, ਸੁਰਿੰਦਰ ਸਿੰਘ, ਪ੍ਰਬਜੀਤ ਸਿੰਘ, ਕਮਲਜੀਤ ਸਿੰਘ, ਜਗਤਾਰ ਸਿੰਘ, ਗੁਰਜੰਟ ਸਿੰਘ, ਪਰਗਟ ਸਿੰਘ, ਚਰਨਜੀਤ ਸਿੰਘ, ਗੁਰਤੇਜਪ੍ਰੀਤ ਸਿੰਘ, ਕੁਲਵੰਤ ਸਿੰਘ, ਮਨਜਿੰਦਰ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ। ਮੀਟਿੰਗ ਦੌਰਾਨ ਸੰਗਠਨ ਦੇ ਵਿਸਥਾਰ, ਆਪਸੀ ਤਾਲਮੇਲ ਅਤੇ ਏਕਤਾ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵਿਚਾਰ ਸਾਂਝੇ ਕੀਤੇ ਗਏ। ਇਸ ਤੋਂ ਇਲ-ਾਵਾ ਆਉਣ ਵਾਲੇ ਸਮੇਂ ਦੌਰਾਨ ਜਥੇਬੰਦੀ ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਰੂਪ-ਰੇਖਾ ਉੱਤੇ ਵੀ ਚਰਚਾ ਕੀਤੀ ਗਈ। ਹਾਜ਼ਰ ਮੈਂਬਰਾਂ ਨੇ ਸੰਗਠਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਪਸੀ ਸਹਿਯੋਗ ਅਤੇ ਸਰਗਰਮ ਭੂਮਿਕਾ ਨਿਭਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਮੀਟਿੰਗ ਵਿੱਚ ਜਥੇਬੰਦੀ ਦੇ ਵੱਖ-ਵੱਖ ਅਹੁਦਿਆਂ ਲਈ ਅਹੁਦੇਦਾਰਾਂ ਦੀ ਨਿਯੁਕਤੀ ਕਰਨ ਦੇ ਨਾਲ-ਨਾਲ ਅਕਾਲੀ ਦਲ ਵਾਰਿਸ ਪੰਜਾਬ ਯੂਕੇ ਦੀ 13 ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ। ਨਵੀਂ ਕਮੇਟੀ ਨੂੰ ਸੰਗਠਨ ਦੇ ਕੰਮਾਂ ਨੂੰ ਹੋਰ ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਸੰਗਠਨ ਦੀ ਮਜ਼ਬੂਤੀ ਲਈ ਆਪਸੀ ਏਕਤਾ, ਅਨੁਸ਼ਾਸਨ ਅਤੇ ਸਾਂਝੇ ਯਤਨ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਸਾਰੇ ਮੈਂਬਰ ਮਿਲਜੁਲ ਕੇ ਜਥੇਬੰਦੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਯੋਗਦਾਨ ਪਾਉਣਗੇ। ਮੀਟਿੰਗ ਦੇ ਅੰਤ ਵਿੱਚ ਹਾਜ਼ਰ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਮੀਟਿੰਗ ਵਿੱਚ ਸ਼ਿਰਕਤ ਕੀਤੀ। ਸਮਾਗਮ ਦਾ ਸਮਾਪਨ ਆਪਸੀ ਸਹਿਯੋਗ ਅਤੇ ਸੰਗਠਨਾਤਮਕ ਏਕਤਾ ਨੂੰ ਹੋਰ ਮਜ਼ਬੂਤ ਕਰਨ ਦੇ ਸੰਕਲਪ ਨਾਲ ਕੀਤਾ ਗਿਆ।



**ਵਾਰਿਸ ਪੰਜਾਬ ਦੇ ਯੂ. ਕੇ ਇਕਾਈ ਦੇ ਅਹੁਦੇਦਾਰ, ਤਸਵੀਰ :- ਸੁਖਜਿੰਦਰ ਸਿੰਘ ਢੱਡੇ**

# 14ਵਾਂ ਮੇਲਾ ਪੰਜਾਬੀਆਂ ਦਾ –ਐਡਮਿੰਟਨ

**ਕੈਨੇਡਾ ਐਡਮਿੰਟਨ (ਹਰਜਿੰਦਰ ਪਾਲ ਛਾਬੜਾ)** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਐਡਮਿੰਟਨ ਵਿਖੇ 15 ਅਗਸਤ ਨੂੰ 50 ਸਟਰੀਟ ਤੇ ਇਲਰਸਲੀ ਰੋਡ ਦੇ ਕਾਰਨਰ ਵਿੱਚ ਸਥਿਤ ਪੁਸ਼ਾ ਗਰਾਊਂਡ ਵਿੱਚ 14ਵਾਂ ਮੇਲਾ ਪੰਜਾਬੀਆਂ ਦਾ ਉਪਿੰਦਰ ਮਠਾੜੂ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ । ਇਸ ਮੇਲੇ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮੁਫਤ ਹੁੰਦਾ ਹੈ ਤੇ ਦੂਸਰਾ ਦੁਪਹਿਰੇ 12 ਕੁ ਵਜੇ ਸ਼ੁਰੂ ਹੋ ਕੇ ਰਾਤੀਂ 11 ਕੁ ਵਜੇ ਤੱਕ ਚਲਦਾ ਰਹਿੰਦਾ ਹੈ । ਇੱਥੇ ਟਿਕਟਾਂ ਉੱਤੇ ਬਹੁਤ ਸ਼ੋ ਹੁੰਦੇ ਰਹਿੰਦੇ ਹਨ । ਕਈ ਕਲਾਕਾਰਾਂ ਦੀਆਂ ਟਿਕਟਾਂ ਨਹੀਂ ਵੀ ਵਿਕਦੀਆਂ ਤੇ ਕਈਆਂ ਦੀਆਂ ਟਿਕਟਾਂ ਮਿਲਦੀਆਂ ਨਹੀਂ । ਪਰ ਇਸ ਮੇਲੇ ਵਿੱਚ ਹਜਾਰਾਂ ਹੀ ਦਰਸ਼ਕ ਸਰੋਤੇ ਪਹੁੰਚਦੇ ਹਨ ਤੇ ਮੇਲੇ ਦਾ ਅਨੰਦ ਮਾਣਦੇ ਹਨ । ਇਸ ਮੇਲੇ ਦੀ ਉਡੀਕ ਵੀ ਹਰ ਇੱਕ ਨੂੰ ਰਹਿੰਦੀ ਹੈ ਕਿਉਂਕਿ ਮੇਲਾ ਹੋਇਆ ਈ ਇੱਕ ਨਾ। ਪਿਛਲੇ ਸਾਲ ਦੇ ਮੇਲੇ ਵਿੱਚ ਜੋ ਰੰਗ ਬਲਕਾਰ ਸਿੱਧੂ ਨੇ ਬੰਨਿਆਂ ਉਹ ਲੋਕ ਅੱਜ ਤੱਕ ਯਾਦ ਕਰਦੇ ਨੇ । ਦੂਸਰੀ ਕਲਾਕਾਰਾ ਸਤਵਿੰਦਰ ਬਿੱਟੀ ਨੇ ਜਨਤਾ ਦਾ ਦਿਲ ਆਪਣੀਆਂ ਅਦਾਵਾਂ ਤੇ ਮਿਠਾਸ ਭਰੀ ਗਾਇਕੀ ਨਾਲ ਲੁੱਟ ਕੇ ਲੈ ਗਈ । ਜੋ ਲੀਹਾ ਇਹ ਕਲਾਕਾਰ ਪਿਛਲੇ ਸਾਲ ਪਾ ਗਏ ਕੀ ਇਸ ਸਾਲ ਪਹੁੰਚ ਰਹੇ ਹਰਜੀਤ ਹਰਮਨ ,ਕਰਮਜੀਤ ਅਨਮੋਲ ,ਬਲਵੀਰ ਬੋਪਾਰਾਏ, ਹਰਦੀਪ ਗਿੱਲ ਚੰਡੀਗੜੀਆ ਤੇ ਕੌਰ ਬੀ ਵਿੱਚੋਂ ਕਿਹੜੇ ਨਵੀਂ ਪੈੜ ਪਾ ਸਕਣਗੇ । ਕੌਰ ਬੀ ਦਾ ਕੋਈ ਹੋਰ ਮੁਕ-ਾਬਲਾ ਹੀ ਨਹੀਂ । ਕਰਮਜੀਤ ਅਨਮੋਲ ਨੂੰ ਅਦਾਕਾਰ ਵਜੋਂ ਵੱਧ ਲੋਕ ਨਵ ਪੀੜ੍ਹੀ ਵਾਲੇ ਜਾਣਦੇ ਨੇ । ਹਰਜੀਤ ਹਰਮਨ ਇੱਕ ਵਿੱਲਖਣ ਗਾਇਕੀ ਦਾ ਸ਼ਾਹ ਸਵਾਰ ਹੈ ਤੇ ਬਲਵੀਰ ਬੋਪਾਰਾਏ ਗੇੜਾ ਦੇ ਦੇ ਨਾਲ ਜਿੱਥੇ ਗਿਆ ਸੀ ਉਥੋਂ ਵਾਪਸ ਨਹੀਂ ਆਇਆ ਅਜੇ ਵੀ ਲੋਕ ਉਸਦੇ ਇਸ ਗਾਣੇ ਨਾਲ ਸਭ ਕੁਝ ਭੁੱਲ ਜਾਂਦੇ ਨੇ । ਹੁਣ ਰਹੀ ਗੱਲ ਹਰਦੀਪ ਗਿੱਲ ਦੀ । ਸ਼ਹਿਰ ਪਟਿਆਲੇ ਦੇ ਨਾਲ ਜਾਣਿਆਂ ਜਾਂਦਾ ਇਹ ਗਾਇਕ ਵੱਖਰਾ ਰੁਤਬਾ , ਕੱਦ ,ਸ਼ਖਸ਼ੀਅਤ ,ਸਰੋਤਾ ਤੇ ਗਾਇਕੀ ਦਾ ਅੰਦਾਜ ਰੱਖਦਾ ਹੈ । ਉਹ ਬੜੀ ਦੇਰ ਬਾਅਦ ਕਨੇਡਾ ਦੀ ਧਰਤੀ ਤੇ ਉੱਤਰ ਰਿਹਾ ਹੈ । ਦੋ ਅਹਿਮ ਸ਼ਖਸ਼ੀਅਤਾਂ ਸ਼ਨਮਾਨ ਲਈ ਵੱਡੇ ਕੱਦ ਦਾ ਗੀਤਕਾਰ ਦਵਿੰਦਰ ਖੰਨੇਵਾਲਾ ਤੇ ਹਰਵਿੰਦਰ ਓਹੜਪੁਰੀ ਪਹੁੰਚ ਰਹੇ ਹਨ । ਗਾਇਕੀ ਦੇ ਨਵੇਂ ਚਿਹਿਰਿਆਂ ਵਿੱਚ ਜਾਪ ਹਾਜਰ ਹੈ । ਸਿਮਰਨ ਸਹੋਤਾ ਪਿਛਲੇ ਸਾਲ ਦੋਗਾਣਿਆਂ ਨਾਲ ਭਰਵੀਂ ਹਾਜਰੀ ਲਗਵਾ ਕੇ ਗਈ ਸੀ ਤੇ ਇਸ ਵਾਰ ਸੋਲੋ ਦਾ ਜਲਵਾ ਦਿਖਾਏਗੀ । ਕਈ ਵਾਰ ਮੈਦਾਨ ਵਿੱਚ ਪਤਾ ਹੀ ਨਹੀਂ ਲੱਗਦਾ ਕਿਹੜਾ ਬਾਜੀ ਮਾਰ ਜਾਵੇ ਜਿਸ ਦਾ ਚਿੱਤ ਚੇਤਾ ਵੀ ਨਹੀਂ ਹੁੰਦਾ । ਉਪਿੰਦਰ ਮਠਾੜੂ ਦੀ ਗਾਇਕੀ ਦਾ ਵੱਖਰਾ ਰੰਗ ਹੈ । ਉਹ ਬਹੁਤ ਦੇਰ ਤੋਂ ਗਾ ਰਿਹਾ ਹੈ । ਗਾਇਕੀ ਦਾ ਸ਼ੌਕ ਸੀ ਤੇ ਇਸ ਸ਼ੌਕ ਨੇ ਮੇਲੇ ਦਾ ਮੁੱਢ ਬੰਨਿਆਂ । ਇਸ ਮੇਲੇ ਵਿੱਚ ਗੀਤਕਾਰ ਲਾਡੀ ਸੂਸਾਂਵਾਲਾ ਦਾ ਰੋਲ ਉਹ ਹੈ ਜੋ ਵਿਆਹ ਵਿੱਚ ਮਠਿਆਈ ਵਾਲੀ ਕੋਠੀ ਦੀ ਚਾਬੀ ਸਾਂਭਣ ਵਾਲੇ ਦਾ ਹੁੰਦਾ ਏ। ਇਸ ਵਾਰ ਇਹ ਮੇਲਾ ਪੰਜਾਬੀ ਸਭਿਆਚਾਰ ਦੀਆਂ ਵਿਛੜ ਚੁਕੀਆਂ ਰੂਹਾਂ ਉਸਤਾਦ ਪੂਰਨਸ਼ਾਹਕੋਟੀ, ਜਸਵਿੰਦਰ ਭੱਲਾ ਤੇ ਰਾਜਵੀਰ ਜਵੰਦਾ ਨੂੰ ਕੀਤਾ ਹੈ ਜੋ ਸਲਾਹੁਣਯੋਗ ਹੈ। ਆਜੋ 15 ਅਗਸਤ ਨੂੰ ਫਿਰ ਗੱਲਾਂ ਕਰਾਂਗੇ ਕਿਹੜਾ ਲੁੱਟ ਕੇ ਲੈ ਗਿਆ –ਨਨਾਣੇ ਗੋਰੀਏ? ਯਾਦਵਿੰਦਰ ਸਿੱਧੂ




# ਡਿਪਟੀ ਸਪੀਕਰ ਰੌੜੀ ਨੇ ਲੋਕ ਮਿਲਣੀ ਦੌਰਾਨ ਝੱਨੋਵਾਲ ਦੀ ਪੰਚਾਇਤ ਨੂੰ ਸੌਂਪਿਆ 8 ਲੱਖ ਦਾ ਚੈੱਕ

**ਗੜ੍ਹਸ਼ੰਕਰ/ਹੁਸ਼ਿਆਰਪੁਰ:** ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਅੱਜ ਪਿੰਡ ਝੱਨੋਵਾਲ ਵਿਖੇ ਕਰਵਾਈ ਲੋਕ ਮਿਲਣੀ ਦੌਰਾਨ ਪਿੰਡ ਦੇ ਵਿਕਾਸ ਕਾਰਜਾਂ ਲਈ 8 ਲੱਖ ਰੁਪਏ ਦਾ ਪਿੰਡ ਦੀ ਪੰਚਾਇਤ ਨੂੰ ਚੈੱਕ ਸੌਂਪਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਪੰਚਾਇਤ ਮੈਂਬਰ, ਆਮ ਆਦਮੀ ਪਾਰਟੀ ਦੇ ਆਗੂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਰਹੇ। ਲੋਕ ਮਿਲਣੀ ਨੂੰ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਪਿੰਡ ਵਿੱਚ ਸੜਕਾਂ, ਗਲੀਆਂ, ਨਾਲੀਆਂ, ਪੀਣ ਵਾਲੇ ਪਾਣੀ, ਸੀਵਰੇਜ, ਖੇਡ ਮੈਦਾਨਾਂ, ਸਕੂਲਾਂ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਵਿਕਾਸ ਨੂੰ ਪਹਿਲ ਦਿੱਤੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਆਪਣੇ ਹੀ ਪਿੰਡ ਵਿੱਚ ਵਧੀਆ ਸਹੂਲਤਾਂ ਪ੍ਰਾਪਤ ਹੋ ਸਕਣ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਹੋਰ ਵਿਕਾਸ ਪ੍ਰੋਜੈਕਟ ਵੀ ਮਨਜ਼ੂਰ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਲੋਕਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਸੁਣ ਕੇ ਹੱਲ ਕਰਨ ਦੇ ਉਦੇਸ਼ ਨਾਲ ਹਲਕੇ ਦੇ ਪਿੰਡਾਂ ਵਿੱਚ ਲਗਾਤਾਰ ਲੋਕ ਮਿਲਣੀਆਂ ਕਰਵਾਈਆਂ ਜਾ ਰਹੀਆਂ ਹਨ। ਡਿਪਟੀ ਸਪੀਕਰ ਰੌੜੀ ਨੇ ਲੋਕਾਂ ਤੋਂ ਵਿਕਾਸ ਸਬੰਧੀ ਸੁਝਾਅ ਵੀ ਮੰਗੇ ਅਤੇ ਭਰੋਸਾ ਦਿੱਤਾ ਕਿ ਹਲਕਾ ਗੜ੍ਹਸ਼ੰਕਰ ਦੇ ਹਰ ਪਿੰਡ ਦਾ ਬਿਨਾਂ ਕਿਸੇ ਭੇਦਭਾਵ ਤੋਂ ਵਿਕਾਸ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਕਸਦ ਸੂਬੇ ਦੇ ਹਰ ਨਾਗਰਿਕ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣਾ ਅਤੇ ਪੰਜਾਬ ਨੂੰ ਵਿਕਾਸ ਦੇ ਰਾਹ 'ਤੇ ਹੋਰ ਅੱਗੇ ਲੈ ਕੇ ਜਾਣਾ ਹੈ। ਇਸ ਦੌਰਾਨ ਪਿੰਡ ਵਾਸੀਆਂ ਨੇ ਆਪਣੀਆਂ ਵੱਖ-ਵੱਖ ਮੰਗਾਂ ਅਤੇ ਸਮੱਸਿਆਵਾਂ ਡਿਪਟੀ ਸਪੀਕਰ ਦੇ ਧਿਆਨ ਵਿੱਚ ਲਿਆਂਦੀਆਂ। ਰੌੜੀ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਨ੍ਹਾਂ ਮਾਮਲਿਆਂ ਦਾ ਤੁਰੰਤ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ। ਪਿੰਡ ਦੀ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਨੇ ਡਿਪਟੀ ਸਪੀਕਰ ਸ.ਜੈ ਕ੍ਰਿਸ਼ਨ ਸਿੰਘ ਰੌੜੀ ਦਾ ਧੰਨਵਾਦ ਕਰਦਿਆਂ ਕਿਹਾ ਕਿ 8 ਲੱਖ ਰੁਪਏ ਦੀ ਇਹ ਗ੍ਰਾਂਟ ਪਿੰਡ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਦੇਵੇਗੀ ਅਤੇ ਲੰਬੇ ਸਮੇਂ ਤੋਂ ਲੋੜੀਂਦੇ ਵਿਕਾਸ ਕਾਰਜ ਜਲਦ ਮੁਕੰਮਲ ਹੋਣਗੇ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਪੰਚਾਇਤ ਮੈਂਬਰਾਂ, ਪਿੰਡ ਦੇ ਮੋਹਤਬਰ ਵਿਅਕਤੀਆਂ, ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ, ਵਰਕਰਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਿਰਕਤ ਕੀਤੀ।



The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਿੱਖਿਆ ਦੇ ਖੇਤਰ 'ਚ ਪੰਜਾਬ ਸਰਕਾਰ ਦੀਆਂ ਪਹਿਲਕਦਮੀਆਂ ਵਿਦਿਆਰਥੀਆਂ ਦੇ ਭਵਿੱਖ ਨੂੰ ਕਰਨਗੀਆਂ ਹੋਰ ਮਜ਼ਬੂਤ - ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਦੀ ਗਤੀ ਨੂੰ ਜਾਰੀ ਰੱਖਦੇ ਹੋਏ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸਕੂਲ ਆਫ਼ ਐਮੀਨੈਂਸ, ਖਵਾਸ ਪੁਰਹੀਰਾਂ ਵਿਖੇ ਕਰਵਾਏ ਸਮਾਗਮ ਦੌਰਾਨ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਤੀ ਸਮਰਪਿਤ ਰਹਿਣ ਅਤੇ ਜੀਵਨ ਵਿੱਚ ਉੱਚ ਟੀਚੇ ਨਿਰਧਾਰਤ ਕਰਨ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਲਗਾਤਾਰ ਸੁਧਾਰਨ ਲਈ ਵਚਨਬੱਧ ਹੈ। ਸਕੂਲਾਂ ਨੂੰ



ਆਧੁਨਿਕ ਸਹੂਲਤਾਂ, ਬਿਹਤਰ ਕਲਾਸਰੂਮ ਅਤੇ ਬੁਨਿਆਦੀ ਢਾਂਚਾ, ਸਮਾਰਟ ਵਿਦਿਆਰਥੀਆਂ ਨੂੰ ਜ਼ਰੂਰੀ ਵਿਦਿਅਕ ਸਮੱਗਰੀ ਪ੍ਰਦਾਨ ਕਰਕੇ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਸਰਕਾਰੀ ਸਕੂਲਾਂ ਦੇ ਬੱਚੇ ਵੀ ਮਿਆਰੀ ਸਿੱਖਿਆ ਪ੍ਰਾਪਤ ਕਰਨ। ਉਨ੍ਹਾਂ ਕਿਹਾ ਕਿ ਸਕੂਲ ਬੈਗ ਵੰਡਣ ਵਰਗੀਆਂ ਪਹਿਲਕਦਮੀਆਂ ਨਾ ਸਿਰਫ਼ ਵਿਦਿਆਰਥੀਆਂ ਦੇ ਮਨੋਬਲ ਨੂੰ ਵਧਾਉਂਦੀਆਂ ਹਨ ਸਗੋਂ ਉਨ੍ਹਾਂ ਦੀ ਵਿਦਿਅਕ ਯਾਤਰਾ ਨੂੰ ਵੀ ਸੁਚਾਰੂ ਬਣਾਉਂਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਅਤੇ ਅਨੁਸ਼ਾਸਨ ਨਾਲ ਪੜ੍ਹਾਈ ਕਰਨ, ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਪੂਰਾ ਲਾਭ ਉਠਾਉਣ ਅਤੇ ਆਪਣੇ ਮਾਪਿਆਂ, ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨ ਲਈ ਕਿਹਾ। ਜਿੰਪਾ ਨੇ ਅਧਿਆਪਕਾਂ ਦੀ ਭੂਮਿਕਾ ਦੀ ਵੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਉਨ੍ਹਾਂ ਦਾ ਯੋਗਦਾਨ ਸਭ ਤੋਂ ਮਹੱਤਵਪੂਰਨ ਹੈ।

# ਲਿਖ਼ਾਰੀ ਸਭਾ ਜਗਤਪੁਰ ਵਲੋਂ ਪਿੰਡ ਦੇ ਡਾਕਟਰ ਅੰਬੇਡਕਰ ਹਾਲ ਵਿੱਚ ਕਰਵਾਇਆ ਇੱਕ ਸਾਹਿੱਤਿਕ ਸਮਾ.ਗਮ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਲਿਖਾਰੀ ਸਭਾ ਜਗਤਪੁਰ ਵਲੋਂ ਕੱਲ੍ਹ ਇਕ ਸਾਹਿਤਕ ਸਮਾ.ਗਮੜ ਪਿੰਡ ਜਗਤਪੁਰ ਦੇ ਡਾਕਟਰ ਅੰਬੇਡਕਰ ਹਾਲ ਵਿਚ ਕਰਵਾਇਆ ਗਿਆ। ਜਿਸ ਵਿਚ ਪ੍ਰਸਿੱਧ ਨਾਵਲਕਾਰ ਗੁਰਨਾਮ ਬਾਵਾ ਜੀ ਦੇ ਨਾਵਲ "ਬੰਦੂਕ ਤੋਂ ਕਲਮ" ਤੱਕ 'ਤੇ ਵਿਚਾਰ ਚਰਚਾ ਕਰਵਾਈ ਗਈ। ਵਿਚਾਰ ਚਰਚਾ ਵਿਚ ਪ੍ਰਸਿੱਧ ਲੇਖਕ ਅਤੇ ਅਲੋਚਕ ਸ: ਸੁਰਜੀਤ ਬਰਾੜ ਘੋਲੀਆ, ਪ੍ਰਸਿੱਧ ਸਾਹਿਤਕਾਰ ਅਤੇ ਕਵੀ ਚਰਨਜੀਤ ਗਿੱਲ ਸਮਾਲਸਰ ਅਤੇ ਨਾਵਲਕਾਰ ਗੁਰਦੀਪ ਸਿੰਘ ਮੁਕੱਦਮ ਨੇ ਹਿੱਸਾ ਲਿਆ। ਇਹ ਸਮਾ.ਗਮ ਸਭਾ ਦੇ ਸਰਪ੍ਰਸਤ ਵਿਸ਼ਵ ਪ੍ਰਸਿੱਧ ਸਾਹਿਤਕਾਰ ਸ: ਮਹਿੰਦਰ ਸਿੰਘ ਦੋਸਾਂਝ ਜੀ ਦੀ ਰਹਿਨੁਮਾਈ ਵਿਚ ਕਰਵਾਇਆ ਗਿਆ। ਇਸ ਮੌਕੇ ਪ੍ਰਸਿੱਧ ਕਵੀ ਚਰਨਜੀਤ ਸਿੰਘ ਸਮਾਲਸਰ ਜੀ ਦੇ ਕਾਵਿ ਸੰਗ੍ਰਹਿ "ਫ਼ਿਕਰ ਨਾ ਕਰੀਂ" ਦਾ ਲੋਕ ਅਰਪਣ ਵੀ ਕੀਤਾ ਗਿਆ। ਇਸ ਮੌਕੇ ਗੁਰਦੀਪ ਸਿੰਘ ਸੈਣੀ ਨੂੰ ਲਿਖਾਰੀ ਸਭਾ ਜਗਤਪੁਰ ਵਲੋਂ ਸਵ: ਕਾਮਰੇਡ ਜੋਗਿੰਦਰ ਰਾਮ ਸਰਪੰਚ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਇਸ ਸਮਾ.ਗਮ ਵਿਚ ਸਭ ਤੋਂ ਪਹਿਲਾਂ ਸਭਾ ਦੇ ਉੱਪ ਸਕੱਤਰ ਇਕਬਾਲ ਸਿੰਘ ਦੇ ਪਿਤਾ ਸ: ਬੂਟਾ ਸਿੰਘ ਸ਼ੇਰਗਿੱਲ ਜੀ ਦੇ ਬੇਵਕ਼ਤ ਅਕਾਲ ਚਲਾਣਾ ਕਰ ਜਾਣ 'ਤੇ 2 ਮਿੰਟ ਦਾ ਮੌਨ ਵਰਤ ਰੱਖਿਆ ਗਿਆ। ਉਸ ਤੋਂ ਬਾਅਦ ਵਿਚਾਰ ਚਰਚਾ ਤੋਂ ਬਾਅਦ ਨਾਵਲਕਾਰ ਗੁਰਨਾਮ ਬਾਵਾ ਜੀ ਨੂੰ ਅਤੇ ਚਰਚਾ ਵਿਚ ਹਿੱਸਾ ਲੈਣ ਵਾ.ਲੇ ਸਾਰੇ ਹੀ ਸਾਹਿਤਕਾਰਾਂ ਨੂੰ ਸਨਮਾਨ ਚਿੰਨ੍ਹਾਂ ਨਾ.ਲ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਸਭਾ ਦੇ ਉੱਪ ਪ੍ਰਧਾਨ ਦੀਪ ਜਗਤਪੁਰੀ ਵਲੋਂ ਬਾਖੂਬੀ ਨਿਭਾਈ ਗਈ। ਸਭਾ ਦੇ ਸਾਰੇ ਹੀ ਮੈਂਬਰਾਂ ਵਲੋਂ ਪ੍ਰਸਿੱਧ ਪੱਤਰਕਾਰ ਅਮਰੀਕ ਢੀਂਡਸਾ ਅਤੇ ਮਨਜੀਤ ਸਿੰਘ



ਦੋਸਾਂਝ ਜੀ ਦੀ ਅਗਵਾਈ ਵਿਚ ਤਨਦੇਹੀ ਨਾ.ਲ ਨਿਭਾਈ ਗਈ। ਜਿਨ੍ਹਾਂ ਵਿਚ ਪ੍ਰਿ: ਸੰਤੋਖ ਲਾਲ, ਤੇਜਵੀਰ ਤੇਜੀ, ਅਮਰਜੀਤ ਸਿੰਘ ਬੱਬੀ, ਗੁਰਦੀਪ ਸਿੰਘ, ਸ੍ਰੀ ਬਲਵੀਰ ਚੰਦ, ਨੂਰਕਮਲ, ਏ ਬੀ ਚੰਦੜ, ਲੇਖਰਾਜ ਪੇਂਟਰ, ਗੁਰਪ੍ਰੀਤ ਸਾਧਪੁਰੀ ਨਿਤਿਨ ਕੁਮਾਰ ਆਦਿ ਸ਼ਾਮਿਲ ਸਨ। ਇਸ ਸਮਾ.ਗਮ ਪ੍ਰਸਿੱਧ ਪ੍ਰਕਾਸ਼ਕ ਅਤੇ ਕਵੀ ਬਲਵੰਤ ਸਿੰਘ ਮਾਂਗਟ ਵਲੋਂ ਲਿਖੀ ਕਿਤਾਬ "ਬਾਬੇ ਗੋਲੇ ਦਾ ਬੰਗਾ" ਲੋਕਅਰਪਣ ਕੀਤੀ ਗਈ ਅਤੇ ਸਭਾ ਵਲੋਂ "ਲੋਹਮਣੀ" ਮੈਗਜ਼ੀਨ ਵੀ ਰਲੀਜ਼ ਕੀਤਾ ਗਿਆ। ਕਵੀ ਦਰਬਾਰ ਦਾ ਆਰੰਭ ਜਗਤ ਪੁਰ ਦੀ ਛੋਟੀ ਬੱਚੀ ਗੀਤਾਂਸ਼ੀ ਸਿੰਘ ਦੀ ਕਵਿਤਾ ਨਾ.ਲ ਕੀਤਾ ਗਿਆ। ਇਸ ਸਮਾ.ਗਮ ਵਿਚ ਆਏ ਹੋਏ ਕਵੀਆਂ ਨੇ ਕਵੀ ਦਰਬਾਰ ਸਮੇਂ ਆਪਣੀਆਂ ਕਵਿਤਾਵਾਂ, ਗੀਤਾਂ ਅਤੇ ਨਜ਼ਮਾਂ ਨਾਲ ਸਮਾ.ਗਮ ਦੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ ਜਿਸ ਵਿਚ ਡਾ: ਸੋਮਾ ਸਬਲੋਕ, ਰੇਸ਼ਮ ਚੰਦ, ਰਜਨੀ ਸ਼ਰਮਾ, ਗੁਰਦੀਪ ਸੈਣੀ, ਜਸਵਿੰਦਰ ਜੱਸੀ, ਮਹਿੰਦਰ ਝੱਮਟ, ਲਾਲੀ ਕਰਤਾਰਪੁਰੀ, ਹਰਭਜਨ ਸਿੰਘ ਕਰਨਾਣਾ, ਜਸਵੀਰ ਮੋਰੋਂ, ਸਰਵਣ ਸਿੱਧੂ, ਸੋਢੀ ਸੱਤੋਵਾਲੀਆ, ਜੋਗਿੰਦਰ ਪਾਲ ਮੱਲ੍ਹ, ਕੁਲਵਿੰਦਰ ਗਾਖ਼ਲ, ਹਰਜਿੰਦਰ ਜਿੰਦੀ, ਰਣਜੀਤ ਪੋਸੀ, ਸ਼ਾਮ ਸੁੰਦਰ, ਸੋਹਣ ਸਿੰਘ ਸੂਨੀ, ਤਾਰਾ ਸਿੰਘ ਚੇੜਾ,



ਸਤਨਾਮ ਝਿੱਕਾ, ਕੁਨਾਲ ਸ਼ਰਮਾ, ਸਾਹਿਬਾ ਜੀਤਨ ਕੌਰ, ਸੁਖਦੇਵ ਗੰਢਵਾਂ, ਜੰਗੀਰ ਖੋਖਰ, ਦਰਸ਼ਣ ਸਿੰਘ ਦੋਸਾਂਝ, ਦੇਸ ਰਾਜ ਬਾਲੀ, ਮੋਹਿਤ ਕੁਮਾਰ ਤੂਰ, ਤਰਨਜੀਤ ਸਿੰਘ, ਸੁਨੀਲ ਰਾਜ ਨੇ ਆਪਣੀ ਹਾਜ਼ਰੀ ਬਾਖੂਬੀ ਲਗਵਾਈ। ਆਏ ਹੋਏ ਮਹਿਮਾਨਾਂ ਵਿਚ ਪਰਮਿੰਦਰ ਮੰਢਾਲੀ, ਵਿਵੇਕ ਹਾਸ਼ਿਰ, ਮੋਹਨ ਬੀਕਾ, ਪਰਮਜੀਤ ਸਿੰਘ, ਅਮਰਜੀਤ ਸਿੰਘ ਪਰਮ ਝਿੱਕਾ, ਅਮਨ ਆਜ਼ਾਦ, ਡਾ: ਐਸ ਐੱਸ ਕਲਸੀ, ਰਣਬੀਰ ਸਿੰਘ, ਤਲਵਿੰਦਰ ਸਿੰਘ, ਅਸ਼ਵਨੀ ਕੁਮਾਰ, ਵਿਨੈ ਸ਼ਰਮਾ, ਅਰਵਿੰਦ ਕੁਮਾਰ, ਗੁਰਦਿਆਲ ਸਿੰਘ, ਸਰਬਜੀਤ ਸਿੰਘ, ਡਾ: ਕਸ਼ਮੀਰ ਸਿੰਘ,, ਪ੍ਰਗਟ ਸਿੰਘ, ਸੰਦੀਪ ਕੁਮਾਰ, ਸਰਬਜੀਤ ਸਿੰਘ, ਗਗਨਦੀਪ ਆਦਿ ਸ਼ਾਮਿਲ ਸਨ। ਸਮਾ.ਗਮ ਵਿਚ ਸਮਾ.ਗਮ ਵਿਚ ਸ਼ਾਮਲ ਹੋਣ ਵਾ.ਲੀਆਂ ਸਾਰੀਆਂ ਹੀ ਸਭਾਵਾਂ ਦੇ ਨੁਮਾਇੰਦਿਆਂ ਨੂੰ ਸਭਾ ਵਲੋਂ ਸਨਮਾਨ ਚਿੰਨ੍ਹ ਦੇ ਕੇ ਅਤੇ ਕਵੀਆਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾ.ਗਮ ਦੇ ਅਖੀਰ ਵਿਚ ਅਮਰੀਕ ਢੀਂਡਸਾ ਵਲੋਂ ਆਏ ਹੋਏ ਸਾਰੇ ਹੀ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਸਮਾ.ਗਮ ਦੀ ਦੇਸ਼-ਵਿਦੇਸ਼ ਵਿਚ ਲਾਈਵ ਟੈਲੀਕਾਸਟ ਜੁੰਮੇਵਾਰੀ ਹਰਜਿੰਦਰ ਸਿੰਘ ਜਿੰਦੀ ਜੀ ਦੇ ਯੂਟਿਊਬ ਚੈਨਲ "ਪੰਜਾਬ ਦੇ ਲਿਖਾਰੀ" ਵਲੋਂ ਬਾਖੂਬੀ ਨਿਭਾਈ ਗਈ।

# ਸਫਾਈ ਕਰਮਚਾਰੀਆਂ ਦੇ ਹੱਕ ਵਿੱਚ ਬਸਪਾ ਨੇ ਬਰਨਾਲੇ ਤੋਂ ਬਜਾਇਆ ਸੰਘਰਸ਼ ਦਾ ਬਿਗਲ 27 ਜੁਲਾਈ ਨੂੰ ਪੰਜਾਬ ਦੇ ਸਾਰੇ ਜਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਜਾਣਗੇ ਮੈਂਬਰੈਂਡਮ--ਡਾਕਟਰ ਕਰੀਮਪੁਰੀ

**ਬਰਨਾਲਾ (ਚਰਨਜੀਤ ਸੱਲ੍ਹਾ )ਸਫਾਈ** ਕਰਮਚਾਰੀਆਂ ਦੀਆਂ ਮੰਗਾਂ ਬਿਨਾਂ ਕਿਸੇ ਦੇਰੀ ਤੋਂ ਤੁਰੰਤ ਮੰਨੀਆਂ ਜਾਣ ਕੱਚੇ ਕਰਮਚਾਰੀਆਂ ਨੂੰ ਪੱਕੇ ਕੀਤਾ ਜਾਏ, ਡੀਐਸਪੀ ਅਤੇ ਐਸਐਚ ਓ ਜਿੰਮੇਵਾਰ ਅਧਿਕਾਰੀ ਜਿਨਾਂ ਨੇ ਬੇਤਹਾਸ਼ਾ ਅੱਤਿਆਚਾਰ ਕੀਤਾ ਪਸ਼ੂਆਂ ਦੀ ਤਰ੍ਹਾਂ ਗਰੀਬ ਦਲਿਤ ਧੀਆਂ ਭੈਣਾਂ ਮਾਵਾਂ ਨੂੰ ਡਾਂਗਾਂ ਨਾਲ ਕੁੱਟਿਆ ਸਿਰ ਪਾੜ ਦਿੱਤੇ ਉਹਨਾਂ ਨੇ ਜਾਤੀ ਦੇ ਆਧਾਰ ਤੇ ਗਾਲਾਂ ਕੱਢੀਆਂ ਮੁੱਖ ਮੰਤਰੀ ਭਗਵੰਤ ਮਾਨ ਦੇ ਸੱਤਾ ਦੇ ਨਸ਼ੇ ਦੇ ਹੰਕਾਰ ਚ ਇਹ ਜੋ ਤਸ਼ਦਦ ਹੋਇਆ ਬਸਪਾ ਇਹਦੀ ਨਿੰਦਾ ਕਰਦੀ ਹ ਅਤੇ ਸਾਡਾ ਸਰਕਾਰ ਨੂੰ ਕਹਿਣਾ ਹੈ ਕਿ ਉਹ ਬਿਨਾਂ ਕਿਸੇ ਦੇਰੀ ਤੋਂ ਇਹਨਾਂ ਅਧਿਕਾਰੀਆਂ ਦੇ ਖਿਲਾਫ ਕਰਮਚਾਰੀਆਂ ਦੇ ਖਿਲਾਫ ਐਸੀ ਐਸਟੀ ਐਕਟ ਅਤੇ ੍ਹ ਦੇ ਰਿਜਲਟ ਦੇ ਮੁਤਾਬਕ ਮੁਕਦਮਾ ਦਰਜ ਕਰਕੇ ਇਹਨਾਂ ਨੂੰ ਜੇਲ ਭੇਜੇ ਅਤੇ ਸਫਾਈ ਕਰਮਚਾਰੀਆਂ ਦੀਆਂ ਹੱਕੀ



ਮੰਗਾਂ ਤੁਰੰਤ ਆਪਣੇ ਵਾਅਦੇ ਦੇ ਮੁਤਾਬਕ ਪੂਰੀਆਂ ਕਰੇ ਇਸ ਮੌਕੇ ਸਫਾਈ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਇਸ ਮੌਕੇ ਸਫਾਈ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਨੇ ਸਾਰੇ ਘਟਨਾਕ੍ਰਮ ਕਰਨ ਦਾ ਵੇਰਵਾ ਦਿੱਤਾ ਬਸਪਾ ਦੇ ਸਟੇਟ ਜਨਰਲ ਸੈਕਰਟਰੀ ਅਤੇ ਜੋਨ ਇੰਚਾਰਜ ਮਾਸਟਰ ਅਮਰਜੀਤ ਸਿੰਘ ਜਲੋਟ ਸਟੇਟ ਜਨਰਲ ਸੈਕਟਰੀ ਡਾਕਟਰ ਮੱਖਣ ਸਿੰਘ ਰਿਟਾਇਰਡ



ਡਿਪਟੀ ਡਾਇਰੈਕਟਰ, ਸਟੇਟ ਸੈਕਟਰੀ ਸਰੂਪ ਸਿੰਘ, ਜਿਲਾ ਪ੍ਰਧਾਨ ਸਤਿਗੁਰੂ ਸਿੰਘ, ਜਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਖੇੜੀ,ਜਿਲ੍ਹਾ ਪ੍ਰਧਾਨ ਜਗਤਾਰ ਸਿੰਘ, ਰਿਟਾਇਰਡ ਏਡੀਸੀ ਜੌਹਲ ਸਾਹਿਬ, ਸਰਬਜੀਤ ਸਿੰਘ ਧਾਲੀਵਾਲ ਧੂਰੀ ਅਤੇ ਹੋਰ ਬਸਪਾ ਲੀਡਰਸ਼ਿਪ ਵਰਕਰ ਸਮਰਥਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸਰਪੰਚ ਯੂਨੀਅਨ ਬਲਾਕ ਮੋਰਿੰਡਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਫੌਜੀ ਸਰਪੰਚ ਅਮਰਾਲੀ ਨੂੰ ਬਣਾਇਆ ਗਿਆ ਹੈ




**ਮੋਰਿੰਡਾ (ਹਰਜਿੰਦਰ ਪਾਲ ਛਾਬੜਾ)** ਫੌਜੀ ਸਰਪੰਚ ਮਾਂ ਖੇਡ ਕਬੱਡੀ ਦੇ ਵਿੱਚ ਵੀ ਪੰਜਾਬ ਦੇ ਅਨੇਕਾਂ ਹੀ ਮੇਲਿਆਂ ਤੇ ਸਹਿਯੋਗ ਕਰਦਾ ਹੈ, ਕਈ ਖਿਡਾਰੀ ਆ ਤੇ ਕੁਮੈਟਰਰਾ ਦੇ ਮਾਣ ਸਨਮਾਨ ਵੀ ਕਰ ਚੁੱਕੇ ਆ ਹੈ ਹਰੇਕ ਦੇ ਦੁੱਖ ਸੁੱਖ ਵਿੱਚ ਨਾਲ ਖੜਨ ਵਾਲਾ ਭਰਾ ਹੈ,ਮੇਰੀ ਕਾਰ ਵਿੱਚ ਵੀ ਬਹੁਤ ਵੱਡਾ ਯੋਗਦਾਨ ਹੈ, ਇਲਾਕੇ ਦੀਆਂ ਕਈ ਕੁੜੀਆਂ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾ ਵਿੱਚ ਵੀ ਸਹਿਯੋਗ ਕੀਤਾ ਹੈ । ਬਹੁਤ ਬਹੁਤ ਮੁਬਾਰਕਾਂ ਮਿੱਤਰਾ ਵਾਹਿਗੁਰੂ ਜੀ ਚੜ੍ਹਦੀ ਕਲਾ ਵਿੱਚ ਰੱਖਣ

ਸਰਪੰਚ, ਪਿੰਡ ਅਮਰਾਲੀ
ਪ੍ਰਧਾਨ, ਸਰਪੰਚ ਯੂਨੀਅਨ ਬਲਾਕ ਮੋਰਿੰਡਾ

# ਕਾਰਗਿਲ ਦੇ ਵੀਰ ਸ਼ਹੀਦਾਂ ਦਾ ਬਲਿਦਾਨ ਦੇਸ਼ਵਾਸੀਆਂ ਲਈ ਸਦਾ ਰਹੇਗਾ ਪ੍ਰੇਰਣਾਸਰੋਤ – ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕਾਰਗਿਲ ਵਿਜੇ ਦਿਵਸ ਦੇ ਮੌਕੇ 'ਤੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸਥਾਨਕ ਸ਼ਹੀਦੀ ਸਮਾਰਕ ਵਿਖੇ ਪਹੁੰਚ ਕੇ ਕਾਰਗਿਲ ਯੁੱਧ ਦੇ ਅਮਰ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾਂ ਨੇ ਦੇਸ਼ ਦੀ ਰੱਖਿਆ ਲਈ ਕੁਰਬਾਨੀ ਦੇਣ ਵਾਲੇ ਵੀਰ ਜਵਾਨਾਂ ਦੇ ਸਾਹਸ, ਬਹਾਦਰੀ ਅਤੇ ਬਲਿਦਾਨ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ। ਵਿਧਾਇਕ ਜਿੰਪਾ ਨੇ ਕਿਹਾ ਕਿ ਕਾਰਗਿਲ ਵਿਜੇ ਦਿਵਸ ਸਿਰਫ਼ ਇੱਕ ਇਤਿਹਾਸਕ ਜਿੱਤ ਦਾ ਪ੍ਰਤੀਕ ਨਹੀਂ, ਸਗੋਂ ਇਹ ਭਾਰਤੀ ਫੌਜ ਦੇ ਬੇਮਿਸਾਲ ਕੁਰਬਾਨੀ, ਦ੍ਰਿੜ੍ਹ ਸੰਕਲਪ ਅਤੇ ਰਾਸ਼ਟਰ ਭਗਤੀ ਦਾ ਗੌਰਵਮਈ ਅਧਿਆਇ ਹੈ। ਸਾਲ 1999 ਵਿੱਚ ਭਾਰਤੀ ਜਵਾਨਾਂ ਨੇ ਬੇਹੱਦ ਮੁਸ਼ਕਲ ਹਾਲਾਤਾਂ ਵਿੱਚ ਦੁਸ਼ਮਣ ਨੂੰ ਮਾਤ ਦੇ ਕੇ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਕੀਤੀ ਅਤੇ ਪੂਰੀ ਦੁਨੀਆ ਅੱਗੇ



ਭਾਰਤੀ ਫੌਜ ਦੀ ਬਹਾਦਰੀ ਦਾ ਸਬੂਤ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਵੀਰ ਜਵਾਨਾਂ ਦੇ ਬਲਿਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੇ ਤਿਆਗ ਅਤੇ ਸਮਰਪਣ ਸਦਕਾ ਹੀ ਦੇਸ਼ਵਾਸੀ ਸੁਰੱਖਿਅਤ ਮਾਹੌਲ ਵਿੱਚ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਰਾਸ਼ਟਰ ਸੇਵਾ, ਅਨੁਸ਼ਾਸਨ ਅਤੇ ਦੇਸ਼ਭਗਤੀ ਦੀ ਭਾਵਨਾ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ। ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਵੀਰਾਂ ਦੀ ਧਰਤੀ ਹੈ ਅਤੇ ਇੱਥੋਂ ਦੇ ਸੈਨਿਕਾਂ ਨੇ ਹਰ ਯੁੱਧ ਵਿੱਚ ਦੇਸ਼ ਦੀ ਰੱਖਿਆ ਲਈ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੀ ਕਈ ਸਪੂਤਾਂ ਨੇ ਕਾਰਗਿਲ ਯੁੱਧ ਵਿੱਚ ਆਪਣੇ ਪ੍ਰਾਣਾਂ ਦਾ ਬਲਿਦਾਨ ਦੇ ਕੇ ਰਾਸ਼ਟਰ ਦਾ ਮਾਣ ਵਧਾਇਆ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦਾ ਸਨਮਾਨ ਕਰਨਾ ਹਰ ਨਾਗਰਿਕ ਦਾ ਨੈਤਿਕ ਫਰਜ਼ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੀਆਂ ਬਹਾਦਰੀ ਭਰੀਆਂ ਗਾਥਾਵਾਂ ਤੋਂ ਜਾਣੂ ਕਰਵਾਉਣਾ ਸਮੇਂ ਦੀ ਲੋੜ ਹੈ। ਇਸ ਮੌਕੇ ਹਾਜ਼ਰ ਸਾਰੇ ਲੋਕਾਂ ਨੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਕਾਰਗਿਲ ਦੇ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਦਿਖਾਏ ਰਾਹ 'ਤੇ ਚੱਲਣ ਦਾ ਸੰਕਲਪ ਵੀ ਲਿਆ। ਵਿਧਾਇਕ ਜਿੰਪਾ ਨੇ ਕਿਹਾ ਕਿ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰੱਖਿਆ ਲਈ ਸ਼ਹੀਦਾਂ ਦਾ ਬਲਿਦਾਨ ਸਦਾ ਹੀ ਦੇਸ਼ਵਾਸੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ।

# ਵਿੱਤ ਮੰਤਰੀ ਹਰਪਾਲ ਚੀਮਾ ਮੀਟਿੰਗ ਕਰਕੇ ਉਨ੍ਹਾਂ ਨੂੰ ਮੈਡੀਕਲ ਪ੍ਰਕੈਟੀਸਨਰ ਐਸੋਸੀਏਸ਼ਨ ਪੰਜਾਬ ਵੱਲੋਂ ਇੱਕ ਮੰਗ ਪੱਤਰ ਦਿੱਤਾ ਗਿਆ

**ਚੰਡੀਗੜ੍ਹ (ਚਰਨਜੀਤ ਸੱਲ੍ਹਾ )ਮਾਨਯੋਗ** ਵਿੱਤ ਮੰਤਰੀ ਹਰਪਾਲ ਚੀਮਾ ਜੀ ਨਾਲ ਮੀਟਿੰਗ ਕਰਕੇ ਉਹਨਾਂ ਨੂੰ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 295 ਪੰਜਾਬ ਵੱਲੋਂ ਇਕ ਮੰਗ ਪੱਤਰ ਦਿੱਤਾ ਗਿਆ ਅਤੇ ਨਾਲ ਹੀ ਜੋ ਚਿੱਠੀ ਮਹਿਕਮੇ ਵੱਲੋਂ ਰਿਲੀਜ਼ ਹੋਈ ਹੈ ਉਸ ਬਾਬਤ ਗੱਲਬਾਤ ਕੀਤੀ ਗਈ ਅਤੇ ਦੱਸਿਆ ਗਿਆ ਕਿ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 295 ਦੀ ਮੌਜੂਦਾ ਜਥੇਬੰਦੀ ਸਾਡੀ ਹੈ ਅਤੇ ਨਾਲ ਹੀ ਇਹ ਵੀ ਦੱਸਿਆ ਗਿਆ ਕਿ ਅਸੀਂ ਆਪਣੇ ਪੱਧਰ ਤੇ ਸਾਰਾ ਡਾਟਾ ਇਕੱਠਾ ਕੀਤਾ ਹੋਇਆ ਤਾਂ ਮੰਤਰੀ ਸਾਹਿਬ ਨੇ ਇਹ ਜਵਾਬ ਦਿੱਤਾ ਕਿ ਤੁਸੀਂ ਸਾਰਾ ਡਾਟਾ ਸਾਨੂੰ ਪੈਨ ਡਰਾਈਵ ਦੇ ਵਿੱਚ ਪਾ ਕੇ ਦਿਓ ਤੇ ਬੁੱਧਵਾਰ ਜਾਂ ਵੀਰਵਾਰ ਮੀਟਿੰਗ ਲਈ ਉਹਨਾਂ ਨੇ ਉਥੇ ਸੈਕਟਰੀਏਟ ਵਿਚ ਬੁਲਾਇਆ ਜਿਹਦੇ ਵਿੱਚ ਸਾਰਾ ਮਹਿਕਮਾ ਮੌਜੂਦ ਹੋਵੇਗਾ ਤੇ ਜੋ ਜੋ ਵੀ ਅਖੌਤੀ ਆਗੂਆਂ ਵੱਲੋਂ ਸੋਸ਼ਲ ਮੀਡੀਆ ਤੇ ਚਿੱਠੀ ਪਾ ਕੇ ਕੂੜ ਪ੍ਰਚਾਰ ਕੀਤਾ ਜਾ ਰਿਹਾ ਕਿ ਅਸੀਂ ਹੀ ਇਹ ਕੰਮ ਕਰਵਾਇਆ ਤਾਂ ਮੰਤਰੀ ਸਾਹਿਬ ਨੇ ਸਪਸ਼ਟ ਕੀਤਾ ਕਿ ਮੈਂ ਤੁਹਾਡੀ ਜਥੇਬੰਦੀ ਦਾ ਹਮੇਸ਼ਾ ਸਤਿਕਾਰ ਕਰਦਾ ਤੇ ਮੈਨੂੰ ਪਤਾ ਨਹੀਂ ਸੀ ਕਿ ਉਹ ਸ਼ਖਸ ਜਥੇਬੰਦੀ ਚੋਂ ਬਾਹਰ ਆ ਸੋ ਇਸ ਕਰਕੇ ਉਹਨਾਂ ਨੇ ਸਪੈਸ਼ਲ ਤੌਰ ਦੇ ਉੱਪਰ ਸਾਡੇ ਨਾਲ ਮੀਟਿੰਗ ਦੇ ਲਈ ਪੈਨਲ ਬਣਾਉਣ ਦਾ ਭਰੋਸਾ



ਦਿੱਤਾ ਤੇ ਨਾਲ ਹੀ ਕਿਹਾ ਕਿ ਮੀਟਿੰਗ ਜਿਹੜੀ ਹੈ ਸੈਕਟਰੀਏਟ ਤੁਹਾਡੇ ਨਾਲ ਬੁੱਧਵਾਰ ਜਾਂ ਵੀਰਵਾਰ ਜਿਹੜਾ ਆਉਣ ਵਾਲਾ ਉਦੋਂ ਕਰਾਂਗੇ ਸੋ ਸਾਰੇ ਸਤਿਕਾਰਯੋਗ ਸਾਥੀਓ ਤੁਹਾਡੀ ਜਿੱਤ ਆ ਤੇ ਅਸੀਂ ਜਿਹੜੇ ਫਾਰਮ ਪਹਿਲਾਂ ਭਰਵਾਏ ਸੀ ਜਿਹੜੀ ਜਾਣਕਾਰੀ ਸਾਡੇ ਕੋਲ ਆ ਉਹ ਮਹਿਕਮੇ ਨੂੰ ਅਸੀਂ ਆਪਣੇ ਪੱਧਰ ਦੇ ਉੱਪਰ ਪੈਨ ਡਰਾਈਵ ਵਿੱਚ ਪਾ ਕੇ ਦੇਵਾਂਗੇ ਤੇ ਮੰਤਰੀ ਸਾਹਿਬ ਦੇ ਨਾਲ ਮੀਟਿੰਗ ਕਰਾਂਗੇ ਅੱਜ ਦੀ ਮੀਟਿੰਗ ਦੇ ਵਿੱਚ ਸਾਡੇ ਨਾਲ ਸਤਿਕਾਰਯੋਗ ਡਾਕਟਰ ਬਲਕਾਰ ਸਿੰਘ ਜੀ ਸ਼ੇਰਗਿਲ ਸਰਪਰਸਤ ਪੰਜਾਬ ਡਾਕਟਰ ਬਲਜਿੰਦਰ ਸਿੰਘ ਜੀ ਜਿਲ੍ਹਾ ਪ੍ਰਧਾਨ ਮਲੇਰਕੋਟਲਾ ਹਾਜ਼ਰ ਸਨ ਤੇ ਅੱਜ ਦਾ ਅਸੀਂ ਜਿਹੜਾ ਧਰਨਾ ਸਵੇਰੇ ਉਲੀਕਿਆ ਸੀ ਦਿੜ੍ਹਬਾ ਦੇ ਵਿੱਚ ਮੰਤਰੀ ਸਾਹਿਬ ਦੀ ਕੋਠੀ ਦੇ ਅੱਗੇ ਉਹ ਸਾਡੇ ਸਤਿਕਾਰਯੋਗ ਧਰਮਪਾਲ ਜੀ ਜਿਹੜੇ ਸਾਡੇ ਸਟੇਟ ਦੇ ਕੈਸੀਅਰ ਨੇ ਭਵਾਨੀਗੜ੍ਹ ਸਾਹਿਬ ਉਹ ਤੇ ਨਾਲ ਹੀ ਸਤਿਕਾਰਯੋਗ ਸਾਡੇ ਹਰਮੇਸ਼ ਕਾਲੀਆ ਜੀ ਜਿਹੜੇ ਸਾਡੇ ਵਾਈਸ ਕੈਸ਼ੀਅਰ ਸਕੱਤਰ ਨੇ ਪੰਜਾਬ ਦੇ ਉਹਨਾਂ ਦੀ ਅਗਵਾਈ ਹੇਠ ਤੇ ਨਾਲ ਹੀ ਉੱਤਮ ਸਿੰਘ ਧਲੇਰ ਜਿਹੜੇ ਸਾਡੇ ਮੀਤ ਪ੍ਰਧਾਨ ਨੇ ਤੇ ਡਾਕਟਰ ਉਸਮਾਨ ਜੀ ਜਿਹੜੇ ਸਾਡੇ ਮੈਂਬਰ ਨੇ ਔਰ ਬਲਾਕ ਸ਼ੇਰਪੁਰ ਤੋਂ ਡਾਕਟਰ ਗੁਰਪ੍ਰੀਤ ਸਿੰਘ ਜੀ ਬਲਾਕ ਪ੍ਰਧਾਨ ਦਿੜਬਾ ਇਹਨਾਂ ਆਗੂਆਂ ਦੀ ਅਗਵਾਈ ਦੇ ਵਿੱਚ ਅੱਜ ਦਾ ਧਰਨਾ ਪਰਜੋਰ ਤੌਰ ਤੇ ਸਫਲ ਰਿਹਾ ਜੈ ਜਨਤਾ ਜੈ ਸੰਘਰਸ਼ ਜਿੱਤ ਲੜਦੇ ਲੋਕਾਂ ਦੀ ਡਾਕਟਰ ਜਸਵਿੰਦਰ ਕਾਲਖ ਪ੍ਰਧਾਨ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 295 ਪੰਜਾਬ।

# ਸਤਿਕਾਰਯੋਗ ਸੱਤਪਾਲ ਖਾਨਪੁਰੀ ਸਾਹਿਬ ਦੇ ਪਤਨੀ ਕਮਲਜੀਤ ਕੌਰ ਦਾ ਅੰਤਿਮ ਸੰਸਕਾਰ ਮੌਕੇ ਮਿਸ਼ਨਰੀ ਗਾਇਕਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ





**ਬੰਗਾ (ਚਰਨਜੀਤ ਸੱਲ੍ਹਾ** )ਪ੍ਰਸਿੱਧ ਗੀਤਕਾਰ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਦੇ ਮੁੱਖ ਸਲਾਹਕਾਰ ਸਤਿਕਾਰ ਯੋਗ ਸੱਤਪਾਲ ਖਾਨਪੁਰੀ ਸਾਹਿਬ ਜੀ ਦੀ ਪਤਨੀ ਸ੍ਰੀਮਤੀ ਕਮਲਜੀਤ ਕੌਰ ਦੇ ਅੰਤਿਮ ਸੰਸਕਾਰ ਸਮੇਂ ਪਹੁੰਚੇ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਦੇ ਮੈਂਬਰ ਅਤੇ ਲੀਡਰ ਸਹਿਬਾਨ ਮਿਸ਼ਨਰੀ ਗਾਇਕ ਜਿਨਾ ਵਿੱਚ ਸ੍ਰੀ ਪਰਵੀਨ ਬੰਗਾ ਜਰਨਲ ਸਕੱਤਰ ਬਸਪਾ ਪੰਜਾਬ,ਤੁਹਾਡਾ ਆਪਣਾ ਗਾਇਕ ਰਾਜ ਦਦਰਾਲ ਸੰਸਥਾ ਪ੍ਰਧਾਨ,ਖਜ਼ਾਨਚੀ ਜਗਦੀਸ਼ ਜਾਡਲਾ,ਮਿਸ਼ਨਰੀ ਗਾਇਕ ਬਲਵਿੰਦਰ ਬਿੱਟੂ,ਮੀਤ ਪ੍ਰਧਾਨ ਵਿਜੈ ਗੁਣਾਚੌਰ,ਸਹਿ ਖਜ਼ਾਨਚੀ ਦਵਿੰਦਰ ਰੂਹੀ,ਮੁੱਖ ਸਲਾਹਕਾਰ ਦਵਿੰਦਰ ਬੀਸਲਾ,ਬਸਪਾ ਆਗੂ ਚਰਨਜੀਤ ਮੰਢਾਲੀ,ਗਾਇਕ ਗੁਰਵਿੰਦਰ ਬੱਲੋਆਲ,ਮੁੱਖ ਸਲਾਹਕਾਰ ਮਲਕੀਤ ਮੰਢਾਲੀ,ਗਾਇਕਾ ਨੀਲਮ ਜੱਸਲ,ਮਿਸ਼ਨਰੀ ਸਾਥੀ ਅਮਰਜੀਤ ਮੱਲ,ਗੁਰਦੇਵ ਸਿੰਘ,ਗਾਇਕ ਕ੍ਰਿਸ਼ਨ ਹੀਓ,ਗਾਇਕ ਲੱਕੀ ਮਹਿਰਾ ਜੀ ਹਾਜ਼ਰ ਸਨ ਜਿਨ੍ਹਾਂ ਨੇ ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਕੇ ਦੁੱਖ ਦਾ ਪ੍ਰਗਟਾਵਾ ਕੀਤਾ।

# ਬਰਨਾਲਾ 'ਚ ਸਫ਼ਾਈ ਸੇਵਕ ਮਹਿਲਾਵਾਂ 'ਤੇ ਪੁਲਿਸ ਲਾਠੀਚਾਰਜ ਅਤਿ ਸ਼ਰਮਨਾਕ ਤੇ ਨਿੰਦਣਯੋਗ, ਲੋਕਤੰਤਰ ਦਾ ਕੀਤਾ ਗਿਆ ਘਾਣ : ਸੰਤ ਕੁਲਵੰਤ ਰਾਮ ਭਰੋਮਜਾਰਾ



**ਹੁਸ਼ਿਆਰਪੁਰ, 26 ਜੁਲਾਈ ( ਤਰਸੇਮ ਦੀਵਾਨਾ )** – ਬਰਨਾਲਾ ਵਿਖੇ ਆਪਣੇ ਹੱਕਾਂ ਅਤੇ ਜਾਇਜ਼ ਮੰਗਾਂ ਲਈ ਸ਼ਾਂਤੀਪੂਰਵਕ ਰੋਸ ਪ੍ਰਦਰਸ਼ਨ ਕਰ ਰਹੀਆਂ ਲਾਚਾਰ ਸਫ਼ਾਈ ਸੇਵਕਾ 'ਤੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤੇ ਗਏ ਵਹਿਸ਼ੀਆਨਾ ਅਤੇ ਬੇਰਹਿਮੀਪੂਰਨ ਲਾਠੀਚਾਰਜ ਦੀ ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਦੇ ਮੌਜੂਦਾ ਗੱਦੀ ਨਸ਼ੀਨ ਅਤੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ (ਰਜਿ:) ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਤਿੱਖੇ ਸ਼ਬਦਾਂ ਵਿੱਚ ਕਰੜੀ ਨਿੰਦਾ ਕੀਤੀ । ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਪੁਲਿਸ ਦੀ ਇਸ ਕਾਇਰਾਨਾ ਕਾਰਵਾਈ ਅਤੇ ਸਰਕਾਰ ਦੀ ਨਾਕਾਮੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ। ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਆਖਿਆ ਕਿ ਜਿਹੜੇ ਸਫਾਈ ਸੇਵਕ ਤੇ ਮਹਿਲਾਵਾ ਦਿਨ-ਰਾਤ ਸ਼ਹਿਰਾਂ ਦੀ ਸਫ਼ਾਈ ਕਰਕੇ ਆਮ ਜਨਤਾ ਨੂੰ ਬੀਮਾਰੀਆਂ ਤੋਂ ਬਚਾਉਂਦੀਆਂ ਹਨ, ਅੱਜ ਜਦੋਂ ਉਹ ਆਪਣੇ ਹੱਕਾਂ ਦੀ ਆਵਾਜ਼ ਬੁਲੰਦ ਕਰਨ ਲਈ ਸੜਕਾਂ 'ਤੇ ਉੱਤਰੇ ਤਾਂ ਪ੍ਰਸ਼ਾਸਨ ਨੇ ਉਨ੍ਹਾਂ ਨਾਲ ਗੈਰ-ਮਨੁੱਖੀ ਤੇ ਅਤਿਆਚਾਰੀ ਵਰਤਾਓ ਕੀਤਾ। ਉਨ੍ਹਾਂ ਕਿਹਾ ਕਿ ਸਫਾਈ ਸੇਵਕਾਂ ਤੇ ਸ਼ਾਂਤਮਈ ਧਰਨੇ 'ਤੇ ਲੇਡੀਜ਼ ਪੁਲਿਸ ਦੀ ਥਾਂ ਮਰਦ ਪੁਲਿਸ ਮੁਲਾਜ਼ਮਾਂ ਵੱਲੋਂ ਜ਼ਬਰਦਸਤੀ ਤਾਕਤ ਦਾ ਨੰਗਾ ਨਾਚ ਨੱਚਣਾ ਸੰਵਿਧਾਨਕ ਮਰਿਆਦਾ ਦੀਆਂ ਧੱਜੀਆਂ ਉਡਾਉਣ ਦੇ ਬਰਾਬਰ ਹੈ। ਉਨ੍ਹਾਂ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਹਰ ਨਾਗਰਿਕ ਨੂੰ ਸ਼ਾਂਤਮਈ ਢੰਗ ਨਾਲ ਆਪਣੀ ਆਵਾਜ਼ ਚੁੱਕਣ ਦਾ ਹੱਕ ਦਿੰਦਾ ਹੈ, ਪਰ ਬਰਨਾਲਾ 'ਚ ਪੁਲਿਸ ਵੱਲੋਂ ਕੀਤਾ ਗਿਆ ਇਹ ਜ਼ੁਲਮ ਜਲ੍ਹਿਆਂਵਾਲੇ ਬਾਗ ਦੇ ਕਾਲੇ ਦਿਨਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਉਨ੍ਹਾਂ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਵਰਦੀ ਅਤੇ ਸੱਤਾ ਦਾ ਹੰਕਾਰ ਕਦੇ ਵੀ ਸਦਾਚਾਰੀ ਨਹੀਂ ਰਹਿੰਦਾ। ਗਰੀਬ, ਬੇਬਸ ਅਤੇ ਮਿਹਨਤਕਸ਼ ਮਜ਼ਦੂਰਾਂ 'ਤੇ ਡੰਡੇ ਵਰ੍ਹਾ ਕੇ ਲੋਕਤੰਤਰ ਦਾ ਗਲਾ ਘੁੱਟਣ ਵਾਲੇ ਹਾਕਮਾਂ ਨੂੰ ਇਸ ਜ਼ੁਲਮ ਦਾ ਖਮਿਆਜ਼ਾ ਭਵਿੱਖ ਵਿੱਚ ਜ਼ਰੂਰ ਭੁਗਤਣਾ ਪਵੇਗਾ। ਪੁਲਿਸ ਦੀ ਇਹ ਬਰਬਰਤਾ ਪ੍ਰਸ਼ਾਸਨ ਦੇ ਚਿਹਰੇ 'ਤੇ ਇੱਕ ਅਜਿਹਾ ਕਾਲਾ ਧੱਬਾ ਹੈ, ਜੋ ਕਦੇ ਨਹੀਂ ਮਿਟੇਗਾ ਉਹਨਾਂ ਕਿਹਾ ਕਿ ਡੀਐਸਪੀ ਸਤਬੀਰ ਸਿੰਘ ਬੈਂਸ ਅਤੇ ਐਸਐਚ ਓ ਲਖਵਿੰਦਰ ਸਿੰਘ ਨੂੰ ਸਸਪੈਂਡ ਨਹੀਂ ਡਿਸਮਿਸ ਕਰਕੇ ਇਹਨਾਂ ਤੇ ਐਸੀ ਐਸਟੀ ਐਕਟ ਅਤੇ 307 ਦੇ ਤਹਿਤ ਪਰਚਾ ਦਰਜ ਕਰਕੇ ਇਹਨਾਂ ਨੂੰ ਸਲਾਖਾਂ ਦੇ ਪਿੱਛੇ ਸੁੱਟਿਆ ਜਾਵੇ।

# ਲਾਇਨ ਕਲੱਬ ਬੰਗਾ ਨਿਸ਼ਚੇ ਚ' ਸੱਤ ਨਵੇਂ ਮੈਂਬਰ ਕੀਤੇ ਸ਼ਾਮਲ ਧਰਮਵੀਰ ਪਾਲ ਸਰਬਸੰਮਤੀ ਨਾਲ ਸੈਕਟਰੀ ਨਿਯੁਕਤ



**ਬੰਗਾ, 26 ਜੁਲਾਈ (ਚਰਨਜੀਤ ਸੱਲ੍ਹਾ )** : ਲਾਇਨ ਕਲੱਬ ਬੰਗਾ ਨਿਸ਼ਚੇ ਦੀ ਇੱਕ ਵਿਸ਼ੇਸ਼ ਮੀਟਿੰਗ ਬੰਗਾ ਵਿਖੇ ਕਲੱਬ ਦੇ ਪ੍ਰਧਾਨ ਅਤੇ ਜੋਨ ਚੇਅਰਮੈਨ ਲਾਇਨ ਜਸਪਾਲ ਸਿੰਘ ਗਿੱਦਾ ਦੀ ਅਗਵਾਈ ਵਿੱਚ ਕਰਵਾਈ ਗਈ। ਮੀਟਿੰਗ ਵਿੱਚ ਮਲਟੀਪਲ ਚੇਅਰਪਰਸਨ ਫੂਡ ਫ਼ੋਰ ਹੰਗਰ ਲਾਇਨ ਰਸਪਾਲ ਸਿੰਘ ਬੱਚਾਜੀਵੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਡਿਸਟ੍ਰਿਕਟ ਚੇਅਰਪਰਸਨ ਐਨਵਾਇਰਨਮੈਂਟ ਲਾਇਨ ਭਾਰਤ ਗੁਪਤਾ, ਡਿਪਟੀ ਡਿਸਟ੍ਰਿਕਟ ਗਵਰਨਰ ਲਾਇਨ ਤਰਲੋਚਨ ਸਿੰਘ ਵਿਰਦੀ ਅਤੇ ਰੀਜਨ ਚੇਅਰਮੈਨ ਲਾਇਨ ਸੰਜੀਵ ਸੂਰੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਲੱਬ ਦੇ ਜੁਆਇੰਟ ਸਕੱਤਰ ਮਨਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਲੱਬ ਵਿੱਚ ਸੱਤ ਨਵੇਂ ਮੈਂਬਰਾਂ ਵਿੱਚ ਨਵਕਾਂਤ ਭਰੋਮਜਾਰਾ, ਨਿਰਮਲ ਰਾਮ, ਗੁਰਦਿਆਲ ਸਿੰਘ, ਹਰਪ੍ਰੀਤ ਸਿੰਘ, ਰੋਹਿਤ ਕੁਮਾਰ, ਗੁਰਵਿੰਦਰ ਸਿੰਘ ਗਿੱਲ (ਸੋਨੀ) ਅਤੇ ਸੁਖਵਿੰਦਰ ਸਿੰਘ ਕਲਸੀ ਨੂੰ ਸ਼ਾਮਲ ਕਰਕੇ ਕਲੱਬ ਦੀ ਟੀਮ ਦਾ ਵਿਸਥਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਰਣਵੀਰ ਸਿੰਘ ਨੂੰ ਵੀ ਕਲੱਬ ਦੀ ਟੀਮ ਵਿੱਚ ਸ਼ਾਮਲ ਕੀਤਾ ਗਿਆ। ਉਨ੍ਹਾਂ ਜਾਣਕਾਰੀ ਦਿੱਤੀ ਕਿ ਸਾਬਕਾ ਪੀ.ਆਰ.ਓ. ਲਾਇਨ ਧਰਮਵੀਰ ਪਾਲ ਨੂੰ ਸਾਲ 2026-27 ਲਈ ਕਲੱਬ ਦਾ ਸੈਕਟਰੀ ਸਰਬਸੰਮਤੀ ਨਾਲ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਲਾਇਨ ਰਸਪਾਲ ਸਿੰਘ ਬੱਚਾਜੀਵੀ ਨੇ ਨਵੇਂ ਮੈਂਬਰਾਂ ਦਾ ਲਾਇਨਜ਼ ਇੰਟਰਨੈਸ਼ਨਲ ਪਰਿਵਾਰ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਲਾਇਨ ਕਲੱਬ ਨਾਲ ਜੁੜ ਕੇ ਸਮਾਜ ਸੇਵਾ ਕਰਨ ਦਾ ਮੌਕਾ ਹਰ ਕਿਸੇ ਨੂੰ ਨਹੀਂ ਮਿਲਦਾ, ਇਹ ਵੱਡੇ ਭਾਗਾਂ ਦੀ ਗੱਲ ਹੈ। ਉਨ੍ਹਾਂ ਨਵੇਂ ਮੈਂਬਰਾਂ ਨੂੰ ਨਿਸ਼ਕਾਮ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਡਿਸਟ੍ਰਿਕਟ ਚੇਅਰਪਰਸਨ ਲਾਇਨ ਭਾਰਤ ਗੁਪਤਾ ਅਤੇ ਡਿਪਟੀ ਡਿਸਟ੍ਰਿਕਟ ਗਵਰਨਰ ਲਾਇਨ ਤਰਲੋਚਨ ਸਿੰਘ ਵਿਰਦੀ ਨੇ ਲਾਇਨ ਕਲੱਬ ਬੰਗਾ ਨਿਸ਼ਚੇ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਨਵੇਂ ਮੈਂਬਰਾਂ ਨੂੰ ਵਧਾਈ ਦਿੱਤੀ। ਕਲੱਬ ਦੇ ਪ੍ਰਧਾਨ ਅਤੇ ਜੋਨ ਚੇਅਰਮੈਨ ਲਾਇਨ ਜਸਪਾਲ ਸਿੰਘ ਗਿੱਦਾ ਨੇ ਸਮਾਗਮ ਵਿੱਚ ਪਹੁੰਚੇ ਸਮੂਹ ਸੀਨੀਅਰ ਲਾਇਨ ਆਗੂਆਂ ਅਤੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਚਾਰਟਰ ਪ੍ਰਧਾਨ ਲਾਇਨ ਬਲਬੀਰ ਸਿੰਘ ਰਾਏ, ਲਾਇਨ ਬਲਦੇਵ ਲਾਲ, ਲਾਇਨ ਧਰਮਵੀਰ ਪਾਲ, ਲਾਇਨ ਗੁਲਸ਼ਨ ਕੁਮਾਰ, ਲਾਇਨ ਤਜਿੰਦਰ ਕੁਮਾਰ ਗਿੰਨੀ, ਲਾਇਨ ਗੁਰਦਿਆਲ ਸਿੰਘ ਬੱਧਨ, ਲਾਇਨ ਰਣਵੀਰ ਸਿੰਘ, ਲਾਇਨ ਸੁਖਵਿੰਦਰ ਸਿੰਘ ਕਲਸੀ, ਰੋਹਿਤ ਕੁਮਾਰ ਸਮੇਤ ਹੋਰ ਕਈ ਲਾਇਨ ਮੈਂਬਰ ਹਾਜ਼ਰ ਸਨ। ਫ਼ੋਟੋ ਕੈਪਸ਼ਨ – ਲਾਇਨ ਕਲੱਬ ਬੰਗਾ ਨਿਸ਼ਚੇ ਚ' ਸੱਤ ਨਵੇਂ ਮੈਂਬਰਾਂ ਦਾ ਸਨਮਾਨ ਕਰਦੇ ਹੋਏ ਰਸਪਾਲ ਸਿੰਘ ਬੱਚਾਜੀਵੀ। ਤਸਵੀਰ ਕਰਮ ਲਧਾਣਾ

# ਡੀਐਸਪੀ ਸਤਬੀਰ ਸਿੰਘ ਬੈਂਸ ਅਤੇ ਐਸਐਚਓ ਲਖਵਿੰਦਰ ਸਿੰਘ ਨੂੰ ਤੁਰੰਤ ਡਿਸਮਿਸ ਕਰਕੇ ਇਹਨਾਂ ਤੇ ਐਸੀ ਐਸਟੀ ਐਕਟ ਅਤੇ 307 ਦੇ ਤਹਿਤ ਪਰਚਾ ਦਰਜ ਕੀਤਾ ਜਾਵੇ : ਰਜਿੰਦਰ ਗਿੱਲ



**ਹੁਸ਼ਿਆਰਪੁਰ, 26 ਜੁਲਾਈ ( ਤਰਸੇਮ ਦੀਵਾਨਾ )** – ਡੈਮੋਕ੍ਰੇਟਿਕ ਭਾਰਤੀਆ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਰਜਿੰਦਰ ਗਿੱਲ ਅਤੇ ਰਾਸ਼ਟਰੀ ਚੇਅਰਮੈਨ ਪ੍ਰਿੰ. ਮੋਹਨ ਲਾਲ ਖੋਸਲਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਰਨਾਲਾ ਲਾਠੀਚਾਰਜ ਘਟਨਾ ਦੀ ਤੁਰੰਤ ਨਿਰਪੱਖ ਅਤੇ ਉੱਚ-ਪੱਧਰੀ ਜਾਂਚ ਕਰਵਾਈ ਜਾਵੇ। ਉਨ੍ਹਾਂ ਮੰਗ ਕੀਤੀ ਕਿ ਜਬਰ ਕਰਨ ਵਾਲੇ ਦੋਸ਼ੀ ਅਧਿਕਾਰੀਆਂ 'ਤੇ ਸਖ਼ਤ ਵਿਭਾਗੀ ਤੇ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ ਅਤੇ ਸਫਾਈ ਕਰਮਚਾਰੀਆਂ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਕਰਕੇ ਉਨ੍ਹਾਂ ਨੂੰ ਸਨਮਾਨਜਨਕ ਤੇ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਇਆ ਜਾਵੇ। ਪੰਜਾਬ ਸਰਕਾਰ ਦੀ ਨੀਤੀ 'ਤੇ ਤਿੱਖਾ ਹਮਲਾ ਬੋਲਦਿਆਂ ਰਜਿੰਦਰ ਗਿੱਲ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਆਦਰਸ਼ਾਂ ਦਾ ਹੋਕਾ ਦਿੰਦੀ ਹੈ, ਜਦਕਿ ਦੂਜੇ ਪਾਸੇ ਦਲਿਤ ਅਤੇ ਵਾਂਝੇ ਵਰਗ ਨਾਲ ਅਜਿਹਾ ਦਮਨਕਾਰੀ ਵਿਵਹਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਰਾਜਨੀਤਿਕ ਦਲ ਦਾ ਚੋਣ ਨਿਸ਼ਾਨ 'ਝਾੜੂ' ਹੈ, ਉਸੇ ਦੇ ਰਾਜ ਵਿੱਚ ਸਮਾਜ ਨੂੰ ਸਾਫ਼ ਰੱਖਣ ਵਾਲੇ ਸਫਾਈ ਸੇਵਕਾਂ 'ਤੇ ਲਾਠੀਆਂ ਵਰਸਾਉਣਾ ਬੇਹੱਦ ਸ਼ਰਮਨਾਕ ਅਤੇ ਅਮਾਨਵੀ ਹੈ। ਰਜਿੰਦਰ ਗਿੱਲ ਨੇ ਕਿਹਾ ਕਿ ਸਰਕਾਰ ਵੱਲੋਂ ਸੰਵਾਦ ਅਤੇ ਹੱਲ ਦਾ ਰਸਤਾ ਅਪਣਾਉਣ ਦੀ ਬਜਾਏ ਪੁਲਿਸ ਤਸ਼ੱਦਦ ਨਾਲ ਅੰਦੋਲਨ ਨੂੰ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਜੋ ਕਿ ਘੋਰ ਨਿੰਦਣਯੋਗ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਸੰਵਿਧਾਨਕ ਵਿਵਸਥਾ ਵਿੱਚ ਨਾਗਰਿਕਾਂ ਨੂੰ ਆਪਣੀਆਂ ਜਾਇਜ਼ ਮੰਗਾਂ ਲਈ ਸ਼ਾਂਤੀਪੂਰਨ ਢੰਗ ਨਾਲ ਆਵਾਜ਼ ਬੁਲੰਦ ਕਰਨ ਦਾ ਮੌਲਿਕ ਅਧਿਕਾਰ ਹੈ।

# ਕਾਰਗਿਲ ਵਿਜੇ ਭਾਰਤੀ ਫੌਜ ਦੀ ਮਹਾਨ ਵੀਰਤਾ ਅਤੇ ਪਰਾਕ੍ਰਮ ਦਾ ਪ੍ਰਤੀਕ: ਡਾ. ਘਈ

## ਯੂਥ ਸਿਟੀਜ਼ਨ ਕੌਂਸਲ ਨੇ ਕਾਰਗਿਲ ਵਿਜੇ ਦਿਵਸ ਮੌਕੇ ਸ਼ਹੀਦ ਫੌਜੀਆਂ ਨੂੰ ਕੀਤਾ ਪ੍ਰਣਾਮ

**ਹੁਸ਼ਿਆਰਪੁਰ, 26 ਜੁਲਾਈ (ਤਰਸੇਮ ਦੀਵਾਨਾ )** - ਯੂਥ ਸਿਟੀਜ਼ਨ ਕੌਂਸਲ ਪੰਜਾਬ ਵੱਲੋਂ ਕਾਰਗਿਲ ਵਿਜੇ ਦੇ ਮੌਕੇ ’ਤੇ ਕਾਰਗਿਲ ਯੁੱਧ ਵਿੱਚ ਸ਼ਹੀਦ ਹੋਏ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ’ਤੇ ਯੂਥ ਸਿਟੀਜ਼ਨ ਕੌਂਸਲ ਦੇ ਸੂਬਾ ਪ੍ਰਧਾਨ ਡਾ. ਰਮਨ ਘਈ ਨੇ ਸ਼ਹੀਦਾਂ ਨੂੰ ਨਮਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ 26 ਜੁਲਾਈ 1999 ਨੂੰ ਭਾਰਤੀ ਫੌਜ ਨੇ ਆਪਣੀ ਮਹਾਨ ਵੀਰਤਾ ਅਤੇ ਪਰਾਕ੍ਰਮ ਦਾ ਪ੍ਰੀਚਮ ਦਿੰਦੇ ਹੋਏ ਕਾਰਗਿਲ ਦੀਆਂ ਚੋਟੀਆਂ ਨੂੰ ਦੁਸ਼ਮਨਾਂ ਤੋਂ ਆਜ਼ਾਦ ਕਰਵਾ ਕੇ ਭਾਰਤੀ ਤਿਰੰਗਾ ਲਹਿਰਾਇਆ ਸੀ, ਉਸ ਲਈ ਹਰ ਭਾਰਤੀ ਨੂੰ ਆਪਣੀ ਫੌਜ ’ਤੇ ਮਾਣ ਹੈ। ਉਨ੍ਹਾਂ ਕਿਹਾ ਕਿ



ਕਾਰਗਿਲ ਯੁੱਧ ਵਿੱਚ ਕਠਿਨ ਹਾਲਾਤਾਂ ਵਿੱਚ ਜਿਸ ਤਰ੍ਹਾਂ ਭਾਰਤੀ ਫੌਜ ਨੇ ਪਾਕ ਜੁੜੇ ਅੱਤਵਾਦੀਆਂ ਤੇ ਪਾਕ ਫੌਜੀਆਂ ਨੂੰ ਮਾਰ ਗਿਰਾਇਆ ਅਤੇ ਭੱਜਣ ਲਈ ਮਜਬੂਰ ਕੀਤਾ, ਉਸ ਲਈ ਪੂਰੇ ਸੰਸਾਰ ਵਿੱਚ ਭਾਰਤੀ ਫੌਜ ਦਾ ਸਨਮਾਨ ਵਧਿਆ ਹੈ। ਡਾ. ਘਈ ਨੇ ਕਿਹਾ ਕਿ ਅੱਜ ਭਾਰਤੀ ਫੌਜ ਸੰਸਾਰ ਦੀ ਸਭ ਤੋਂ ਸਮਰੱਥ ਅਤੇ ਵੱਡੀ ਫੌਜ ਵਜੋਂ ਜਾਣੀ ਜਾਂਦੀ ਹੈ ਅਤੇ ਕਾਰਗਿਲ ਯੁੱਧ ਵਿੱਚ ਸ਼ਹੀਦ ਹੋਏ ਫੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਹਰ ਦੇਸ਼ਵਾਸੀ ਸਦਾ ਗ਼ੁਲਾਮ ਰਹੇਗਾ। ਉਨ੍ਹਾਂ ਕਿਹਾ ਕਿ ਅੱਜ ਹਰ ਭਾਰਤੀ ਨੂੰ ਆਪਣੀ ਫੌਜ ਅਤੇ ਦੇਸ਼ ਲਈ ਤਨ-ਮਨ-ਧਨ ਨਾਲ ਸਮਰਪਿਤ ਹੋ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਅੱਗੇ ਵਧ ਕੇ ਕੰਮ ਕਰਨਾ ਹੋਵੇਗਾ। ਇਸ ਮੌਕੇ ’ਤੇ ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਨੇ ਕਾਰਗਿਲ ਸ਼ਹੀਦਾਂ ਨੂੰ ਨਮਨ ਕਰਦਿਆਂ ਕਾਰਕੁਨਾਂ ਨੂੰ ਦੇਸ਼ ਸੇਵਾ ਲਈ ਸਦਾ ਤਿਆਰ ਰਹਿਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਜਿਸ ਵੀਰਤਾ ਨਾਲ ਕਾਰਗਿਲ ਵਿੱਚ ਭਾਰਤੀ ਫੌਜ ਨੇ ਦੁਸ਼ਮਨਾਂ ਨੂੰ ਮਾਰ ਗਿਰਾਇਆ, ਉਸ ਲਈ ਫੌਜ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਘੱਟ ਹੈ। ਕਾਰਗਿਲ ਵਿਜੇ ਦਿਵਸ ਮੌਕੇ ਕੌਂਸਲ ਦੇ ਸਮੂਹ ਕਾਰਕੁਨਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਕਾਰਗਿਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ’ਤੇ ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਡਾ. ਪੰਕਜ ਸ਼ਰਮਾ ਤੋਂ ਇਲਾਵਾ ਮੋਹਿਤ ਸੰਧੂ, ਜਗਦੀਸ਼ ਮਿਨਹਾਸ, ਅਸ਼ੋਕ ਗੋਲਡੀ, ਰਾਜ ਕੁਮਾਰ ਸ਼ਰਮਾ, ਵਿਕਰਾਂਤ ਸ਼ਰਮਾ, ਡਾ. ਰਾਜ ਕੁਮਾਰ ਸੈਣੀ, ਡਾ. ਵਸ਼ਿਸ਼ਟ ਕੁਮਾਰ, ਪੰ. ਵਕੀਲ ਤਿਵਾੜੀ, ਜਸਵੀਰ ਸਿੰਘ, ਪ੍ਰਿੰਸ ਕੁਮਾਰ, ਅਰੁਣ ਕੁਮਾਰ, ਹਰਪ੍ਰੀਤ ਸਿੰਘ, ਗੌਰਵ ਬੇਦੀ, ਸ਼ੁਭਮ ਠਾਕੁਰ, ਵਨੀਤ ਪਟਿਆਲ, ਬਾਦਲ ਸਿੰਘ, ਕਰਨ ਕੁਮਾਰ, ਬਬਲੂ, ਮਨੋਜ ਕੁਮਾਰ, ਗਰਵਦੀਪ, ਪਲਵਿੰਦਰ ਟੀਨੂੰ ਆਦਿ ਸਮੇਤ ਹੋਰ ਕਾਰਕੁਨ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਕੁਦਰਤ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਬਣਾਉਣ ਲਈ ਸ਼ੁੱਧ ਪੌਣ-ਪਾਣੀ ਵਰਗੇ ਅਨਮੋਲ ਤੋਹਫ਼ੇ ਬਖਸ਼ੇ ਹਨ : ਡਾ. ਆਸ਼ੀਸ਼ ਸਰੀਨ

**ਹੁਸ਼ਿਆਰਪੁਰ 26 ਜੁਲਾਈ ( ਤਰਸੇਮ ਦੀਵਾਨਾ )** - ਸਾਲ 2026 ਦੌਰਾਨ ਵਾਤਾਵਰਨ ਨੂੰ ਹਰਾ-ਭਰਾ ਰੱਖਣ ਲਈ ਵਾਤਾਵਰਨ ਪ੍ਰੇਮੀਆਂ ਵੱਲੋਂ ਵੱਧ ਤੋਂ ਵੱਧ ਰੁੱਖ ਲਾਉਣ ਦੀਆਂ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਚਲਾਉਣੀਆਂ ਚਾਹੀਦੀਆਂ ਵੀ ਹਨ । ਇਹਨਾਂ ਗੱਲਾਂ ਡਾ ਪ੍ਰਗਟਾਵਾ ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾ" ਹੁਸ਼ਿਆਰਪੁਰ ਅਤੇ "ਹਿਜ਼ ਐਕਸੀਲੈਂਟ ਐਂਡ ਇਸਟੀਚਿਉਂਟ"ਦੇ ਐਮ ਡੀ ਅਤੇ ਉੱਘੇ ਸਮਾਜ ਸੇਵਕ ਡਾ. ਆਸ਼ੀਸ਼ ਸਰੀਨ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ
ਇਹ ਮੌਸਮੀ ਪੈਟਰਨ ਦਾ ਇੱਕ ਨਵਾਂ ਖਤਰਨਾਕ ਪੜਾਅ ਹੈ, ਜਿਸ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਵਿਸ਼ਵ ਦੇ ਤਾਪਮਾਨ ਵਿੱਚ ਅਥਾਹ ਵਾਧਾ ਹੋਵੇਗਾ ਅਤੇ ਕਈ ਇਲਾਕਿਆਂ ਵਿੱਚ ਭਿਆਨਕ ਸੋਕੇ ਵਰਗੇ ਹਾਲਾਤ ਪੈਦਾ ਵੀ ਹੋ ਸਕਦੇ ਹਨ। ਉਹਨਾਂ ਕਿਹਾ ਕਿ ਮੌਸਮ



ਵਿੱਚ ਆਈ ਇਸ ਵਿਗਾੜ ਕਾਰਨ ਪੰਜਾਬ ਵਿੱਚ ਜੁਲਾਈ ਦੇ ਮਹੀਨੇ ਭਿਆਨਕ ਲੂ ਚੱਲ ਰਹੀ ਹੈ, ਜਦੋਂ ਕਿ ਆਮ ਤੌਰ 'ਤੇ 15 ਜੂਨ ਤੋਂ ਬਾਅਦ ਮੌਸਮ ਬਦਲ ਜਾਂਦਾ ਹੈ ਉਹਨਾਂ ਕਿਹਾ ਕਿ ਦੂਜੇ ਪਾਸੇ ਯੂਰਪ ਦੇ ਕਈ ਦੇਸ਼ ਭਿਆਨਕ ਗਰਮੀ ਨਾਲ ਝੁਲਸ ਰਹੇ ਹਨ, ਸੜਕਾਂ ਪਿਘਲ ਰਹੀਆਂ ਹਨ, ਹਜ਼ਾਰਾਂ ਮੌਤਾਂ ਹੋ ਚੁੱਕੀਆਂ ਹਨ ਅਤੇ ਬਿਜਲੀ ਦੀ ਮੰਗ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਅਤੇ ਫੈਕਟਰੀਆਂ ਦੀ ਰਹਿੰਦ-ਖੂੰਹਦ, ਚਿਮਨੀਆਂ ਦਾ ਧੂੰਆਂ ਅਤੇ ਏਅਰ ਕੰਡੀਸ਼ਨਰਾਂ ਵਿੱਚੋਂ ਨਿਕਲਣ ਵਾਲੀ ਕਲੋਰੋਫਲੋਰੋ ਕਾਰਬਨ ਗੈਸ ਵਾਤਾਵਰਨ ਨੂੰ ਜ਼ਹਿਰੀਲਾ ਕਰ ਰਹੀ ਹੈ। ਉਹਨਾਂ ਕਿਹਾ ਕਿ ਨਤੀਜੇ ਵਜੋਂ, ਅੱਜ ਛੋਟੇ-ਛੋਟੇ ਬੱਚੇ ਵੀ ਦਮਾ, ਖਾਂਸੀ ਅਤੇ ਅੱਖਾਂ ਦੇ ਰੋਗਾਂ ਵਰਗੀਆਂ ਖਤਰਨਾਕ ਬਿਮਾਰੀਆਂ ਨਾਲ ਘਿਰ ਚੁੱਕੇ ਹਨ ਅਤੇ ਹਰ ਵਿਅਕਤੀ ਦਾ ਸਾਹ ਲੈਣਾ ਵੀ ਦੁਭਰ ਹੋ ਗਿਆ ਹੈ। ਉਹਨਾਂ ਕਿਹਾ ਕਿ ਅਖੌਤੀ ਵਿਕਾਸ ਦੀ ਅੰਨ੍ਹੀ ਦੌੜ ਵਿੱਚ ਮਨੁੱਖ ਨੇ ਜੰਗਲਾਂ ਦੀ ਕਟਾਈ ਅਤੇ ਕੁਦਰਤੀ ਸਰੋਤਾਂ ਦੀ ਬੇਰਹਿਮੀ ਨਾਲ ਲੁੱਟ ਕੀਤੀ ਹੈ। ਜਿਸ ਕਾਰਨ ਬਨਸਪਤੀ ਪ੍ਰਭਾਵਿਤ ਹੋ ਰਹੀ ਹੈ, ਗੱਡੀਆਂ ਦੀ ਬਣਤਰ ਵਿਗੜ ਰਹੀ ਹੈ ਅਤੇ ਕੁਦਰਤੀ ਸੋਮਿਆਂ ਦਾ ਪਾਣੀ ਗਰਮ ਹੋ ਰਿਹਾ ਹੈ। ਇਸ ਸਮੁੱਚੇ ਸੰਕਟ ਦਾ ਸਿਰਜਕ ਮਨੁੱਖ ਖੁਦ ਹੀ ਹੈ। ਉਹਨਾਂ ਕਿਹਾ ਕਿ ਇਹ ਯਾਦ ਰੱਖਣਾ ਹੋਵੇਗਾ ਕਿ ਪੂਰੇ ਬ੍ਰਹਿਮੰਡ ਵਿੱਚ ਸਿਰਫ਼ ਧਰਤੀ 'ਤੇ ਹੀ ਜੀਵਨ ਸੰਭਵ ਹੈ। ਕੁਦਰਤ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਬਣਾਉਣ ਲਈ ਸ਼ੁੱਧ ਪੌਣ-ਪਾਣੀ ਵਰਗੇ ਅਨਮੋਲ ਤੋਹਫ਼ੇ ਬਖਸ਼ੇ ਹਨ, ਪਰ ਅੱਜ ਇਹੀ ਵਿਕਾਸ ਮਨੁੱਖ ਲਈ 'ਵਿਨਾਸ਼' ਬਣਦਾ ਜਾ ਰਿਹਾ ਹੈ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨਿਊਰੋਪੈਥੀ ਕੈਂਪ ਲੱਗਾ

**ਬੰਗਾ 26 ਜੁਲਾਈ (ਚਰਨਜੀਤ ਸੱਲ੍ਹਾ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨਿਊਰੋਪੈਥੀ ਵਿਸ਼ੇਸ਼ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ । ਹਸਪਤਾਲ ਪ੍ਰਬੰਧਕ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਸਮੇਂ-ਸਮੇਂ 'ਤੇ ਸਿਹਤ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਅ ਅਤੇ ਮਿਆਰੀ ਇਲਾਜ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਸਿਹਤ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਸਮੇਂ ਸਿਰ ਸਹੀ ਇਲਾਜ ਉਪਲਬਧ ਕਰਵਾਉਣਾ ਹੈ। ਇਹ ਨਿਊਰੋਪੈਥੀ ਕੈਂਪ ਹਸਪਤਾਲ ਦੇ ਮੈਡੀਸਨ ਮਾਹਿਰ ਡਾ. ਵਿਵੇਕ ਗੁੰਬਰ ਦੀ ਅਗਵਾਈ ਵਿਚ ਨਿਊਰੋਪੈਥੀ ਕੈਂਪ ਲਗਾਇਆ ਗਿਆ ਹੈ । ਇਸ ਮੌਕੇ



ਡਾ. ਵਿਵੇਕ ਗੁੰਬਰ ਨੇ ਦੱਸਿਆ ਕਿ ਸ਼ੂਗਰ ਦੇ ਮਰੀਜ਼ਾਂ ਵਿੱਚ ਨਸਾਂ ਦੀ ਕਮਜ਼ੋਰੀ (ਨਿਊਰੋਪੈਥੀ) ਇੱਕ ਆਮ ਪਰ ਗੰਭੀਰ ਸਮੱਸਿਆ ਹੈ। ਜੇਕਰ ਪੈਰ ਸੌਣ, ਸੁੰਨਾਪਨ, ਝਨਝਨਾਹਟ, ਸੜਨ, ਦਰਦ ਜਾਂ ਸੰਵੇਦਨਾ ਘੱਟ ਹੋਣ ਵਰਗੇ ਲੱਛਣ ਮਹਿਸੂਸ ਹੋਣ ਤਾਂ ਉਨ੍ਹਾਂ ਨੂੰ ਕਦੇ ਵੀ ਅਣਡਿੱਠਾ ਨਹੀਂ ਕਰਨਾ ਚਾਹੀਦਾ । ਇਸ ਲਈ ਸਮੇਂ ਸਿਰ ਜਾਂਚ ਅਤੇ ਸਹੀ ਇਲਾਜ ਨਾਲ ਇਸ ਬਿਮਾਰੀ ਨੂੰ ਕਾਬੂ ਕੀਤਾ ਜਾ ਸਕਦਾ ਹੈ ਅਤੇ ਗੰਭੀਰ ਪੇਚੀਦਗੀਆਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸ਼ੂਗਰ ਦੇ ਮਰੀਜ਼ ਆਪਣੀ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਨੂੰ ਨਿਯੰਤਰਿਤ ਰੱਖਣ, ਪੈਰਾਂ ਦੀ ਰੋਜ਼ਾਨਾ ਜਾਂਚ ਕਰਨ, ਆਰਾਮਦਾਇਕ ਜੁੱਤੀਆਂ ਦੀ ਵਰਤੋਂ ਕਰਨ ਅਤੇ ਸਮੇਂ-ਸਮੇਂ 'ਤੇ ਮਾਹਿਰ ਡਾਕਟਰ ਤੋਂ ਸਲਾਹ ਲੈਂਦੇ ਰਹਿਣ । ਕੈਂਪ ਦੌਰਾਨ ਟੈਕਨੀਸ਼ੀਅਨ ਹਰਸ਼ ਰੱਤੂ ਮੈਨਕਾਈਂਡ ਵੱਲੋਂ ਮਰੀਜ਼ਾਂ ਦੇ ਨਿਊਰੋਪੈਥੀ ਦਾ ਅਤੇ ਯੂਰਿਕ ਐਸਿਡ ਦੇ ਟੈਸਟ ਵੀ ਮੁਫਤ ਕੀਤੇ ਗਏ । ਇਸ ਮੌਕੇ ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਡਾ. ਬਲਵਿੰਦਰ ਸਿੰਘ ਡਿਪਟੀ ਮੈਡੀਕਲ ਸੁਪਰਡੈਂਟ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਮਹਿੰਦਰਪਾਲ ਸਿੰਘ ਦਫ਼ਤਰ ਸੁਪਰਡੈਂਟ, ਜੋਤੀ ਭਾਟੀਆ ਓਪੀਡੀ ਇੰਚਾਰਜ ਵੀ ਹਾਜ਼ਰ ਸਨ ।

# ਮੈਂ ਨਹੀਂ ਮਰਨਾ


ਦੋ ਹੰਝ ਸਾਂਭ ਕੇ ਰੱਖੀਂ ਅਜੇ ਮੈਂ ਮਰਨਾ ਨਹੀਂ।
ਕੁੱਝ ਸੁਪਨੇ ਨੇ ਬਾਕੀ ਅਜੇ ਮੈਂ ਮਰਨਾ ਨਹੀਂ।
ਉਂਝ ਭਾਂਵੇ ਇਹ ਹਾਲਾਤ ਮੇਰੇ ਵੱਲ ਨਹੀਂ,
ਇਹ ਵਾਅਦਾ ਹੈ ਸਾਥੀ ਅਜੇ ਮੈਂ ਮਰਨਾ ਨਹੀਂ।
ਕਿਸਨੂੰ ਡਰ ਇਸ ਦੁਨੀਆਂ ਦੇ ਜ਼ੁਲਮਾ ਦਾ
ਦਿਲ ਮੁੱਢ ਕਦੀਮੋਂ ਆਕੀ ਅਜੇ ਮੈਂ ਮਰਨਾ ਨਹੀਂ।
ਲੱਗੀ ਹੈ ਤਾਂ ਆਖਿਰ ਤੱਕ ਨਿਭਾਉਣੀ ਹੈ
ਬੇਵਫਾ ਨਾ ਮੂੰਹੋ ਆਖੀਂ ਅਜੇ ਮੈ ਮਰਨਾ ਨਹੀਂ।
ਮਰ ਕੇ ਵੀ ਤੇਰਾ ਨਾਂ ਸੁਣ ਕੇ ਇਹ ਧੜਕ ਪਊ ।
ਤੂੰ ਮੇਰੇ ਅੰਦਰ ਬਾਕੀ ਅਜੇ ਮੈਂ ਮਰਨਾ ਨਹੀਂ ।
ਦੋ ਹੰਝ ਸਾਂਭ ਕੇ ਰੱਖੀਂ ਅਜੇ ਮੈਂ ਮਰਨਾ ਨਹੀਂ।
ਕੁੱਝ ਸੁਪਨੇ ਨੇ ਬਾਕੀ ਅਜੇ ਮੈਂ ਮਰਨਾ ਨਹੀਂ।



ਗੁਰਦੀਪ ਕੌਰੇਆਣਾ

## .ਗਜ਼ਲ

ਬਣਦਾ ਕੋਈ ਸਬੱਬ ਨੀ,ਸੁਣਦਾ।
ਬੁੱਲ੍ਹਿਆ ਸਾਡੀ ਰੱਬ ਨੀਂ ਸੁਣਦਾ।
******
ਕੰਧਾਂ ਦੇ ਵੀ ਕੰਨ ਹੁੰਦੇ ਨੇ,
ਕੀ ਹੋਇਆ ਜੇ ਰੱਬ ਨੀਂ ਸੁਣਦਾ।
******
ਸੰਖ ਵਜਾਵਾਂ ,ਟੱਲ ਖੜਕਾਵਾਂ,
ਰੌਲਾ ਪਾਵਾਂ , ਰੱਬ ਨੀਂ ਸੁਣਦਾ।
******
ਮੰਦਿਰ,ਮਸਜਿਦ,ਚਰਚ,ਗੁਰੂਘਰ ,
ਭੱਜ ਭੱਜ ਜਾਵਾਂ,ਰੱਬ ਨੀਂ ਸੁਣਦਾ।
*****
ਬਾਹਰ ਕਿਤੇ ਨੀ ਦਿਸਦਾ ,ਅੰਦਰ
'ਵਾਜਾਂ ਮਾਰਾਂ,, ਰੱਬ ਨੀਂ ਸੁਣਦਾ।
*****
ਮਨ ਦਾ ਇਹ ਹੈ ਭਰਮ ਭੁਲੇਖਾ,
ਕਹਿ ਨਾ 'ਜੀਵਨ',ਰੱਬ ਨੀਂ ਸੁਣਦਾ।
******
ਨ੍ਹੇਰ ਨਹੀਂ ਹੈ ਉਸ ਦੇ ਘਰ ਵਿੱਚ,
ਕਹਿ ਨਾ 'ਜੀਵਨ',ਰੱਬ ਨੀਂ ਸੁਣਦਾ ।



ਸੁਖਜੀਵਨ ਕੌਰ 'ਮਾਨ'
ਸੰਪਰਕ;73409.23044

# "ਫੇਸਬੁੱਕ ਉੱਤੋਂ ਕਮਾਈ"

ਮੇਰੇ ਤਾਂ ਭੜੋਲੇ ਵਿੱਚੋਂ ਦਾਣੇ ਦੁਣੇ ਮੁੱਕ ਗਏ,

ਰਿਸ਼ਤੇਦਾਰ ਤੇ ਯਾਰ-ਬੇਲੀ ਛੁੱਟ ਗਏ।

ਪਹਿਲਾਂ ਮੈਂ ਰੀਲਾਂ-ਰੂਲਾਂ ਬੜੀਆਂ ਬਣਾਉਂਦਾ ਸੀ,

ਮੈਂ ਕਰਨੀ ਕਮਾਈ ਫੇਸਬੁੱਕ ਉੱਤੋਂ ਚਾਹੁੰਦਾ ਸੀ।

ਖ਼ਰੀਦ ਲਿਆ ਫੋਨ ਤੇ ਕੰਮ-ਕਾਰ ਛੱਡ'ਤਾ,

ਔਖੀ ਸੀ ਜਨਾਨੀ, ਬੜੀ ਘਰੋਂ ਉਹਨੂੰ ਕੱਢ'ਤਾ।

ਕਮੈਂਟਾਂ ਦੇ ਵਿੱਚ ਮੈਂ ਕਈਆਂ ਨੂੰ ਖਿਜਾਉਂਦਾ ਸੀ,

ਮੈਂ ਕਰਨੀ ਕਮਾਈ ਫੇਸਬੁੱਕ ਉੱਤੋਂ ਚਾਹੁੰਦਾ ਸੀ।

ਮਿਲਿਆ ਨਾ ਕੱਖ, ਮੇਰਾ ਗ਼ੁੱਸਾ ਮੇਰੇ ਤੋਂ ਫੁੱਟਿਆ,

ਚੱਕ ਕੇ ਮੋਬਾਇਲ ਬਾਹਰ ਕੂੜੇ ਵਿੱਚ ਸੁੱਟਿਆ।

ਮੈਂ ਬੇਬੇ-ਬਾਪੂ ਕੋਲੋਂ ਵੇਹਲੜ ਅਖਵਾਉਂਦਾ ਸੀ,


ਮੈਂ ਕਰਨੀ ਕਮਾਈ ਫੇਸਬੁੱਕ ਉੱਤੋਂ ਚਾਹੁੰਦਾ ਸੀ।

ਗੁਰਮੀਤ ਡੁਮਾਣੇ ਨੂੰ ਅਕਲ ਹੁਣ ਆਈ ਆ,

ਸਰਪੰਚ ਨੂੰ ਕਹਿ ਕੇ ਤੀਵੀਂ ਵਾਪਸ ਬੁਲਾਈ ਆ।

ਮੰਗੀ ਹੱਥ ਜੋੜ ਮਾਫ਼ੀ, ਪਹਿਲਾਂ ਰੋਹਬ ਬੜਾ ਪਾਉਂਦਾ ਸੀ,


ਮੈਂ ਕਰਨੀ ਕਮਾਈ ਫੇਸਬੁੱਕ ਉੱਤੋਂ ਚਾਹੁੰਦਾ ਸੀ।



ਗੁਰਮੀਤ ਡੁਮਾਣਾ
ਲੋਹੀਆਂ ਖ਼ਾਸ
ਜਲੰਧਰ

# ਸਿੱਖੋ

ਗਰੀਬ ਰਿਸ਼ਤੇਦਾਰਾਂ ਨਾਲ
ਨਿਭਾਉਣਾ ਸਿੱਖੋ।
ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ
ਹਿੰਮਤ ਕਰਕੇ ਕਹਿਣਾ ਸਿੱਖੋ।
ਹੌਲੀ ਹੌਲੀ ਜਿੰਦਗੀ ਗੁਜਰ ਜਾਏਗੀ
ਦੂਜਿਆਂ ਦਾ ਭਲਾ ਕਰਨਾ ਸਿੱਖੋ।
ਸੁਖ ਦੁਖ ਦਾ ਆਉਂਦੇ ਹੀ ਰਹਿਣਗੇ
ਹਰ ਹਾਲ ਵਿੱਚ ਮੁਸਕਰਾਉਣਾ ਸਿੱਖੋ।
ਬਸੰਤ ਵਿੱਚ ਤਾਂ ਫੁੱਲ ਖਿੜਦੇ ਹਨ
ਪਤਝੜ ਵਿੱਚ ਫੁੱਲ ਲਗਾਉਣਾ ਸਿੱਖੋ।
ਰੱਬ ਤੋਂ ਅਸੀਂ ਹਰ ਵਕਤ ਮੰਗਦੇ ਹਾਂ ਕੁਝ
ਬਿਨ ਮੰਗੇ ਗਰੀਬ ਨੂੰ ਦੇਣਾ ਸਿੱਖੋ।
ਜੇ ਕਿਸੇ ਨੇ ਬੁਰਾ ਸਲੂਕ ਕੀਤਾ ਹੋਵੇ
ਦਿਲ ਤੇ ਲਾਉਣ ਦੇ ਬਦਲੇ ਭੁੱਲਣਾ ਸਿੱਖੋ।
ਮੰਜ਼ਿਲ ਦਾ ਰਾਸਤਾ ਕਿੰਨਾ ਵੀ ਮੁਸ਼ਕਲ ਹੋਵੇ
ਹਿੰਮਤ ਕਰਕੇ ਅੱਗੇ ਵਧਣਾ ਸਿੱਖੋ।
ਦੇਸ਼ ਨੇ ਸਾਨੂੰ ਦਿੱਤਾ ਹੈ ਸਭ ਕੁਝ
ਦੇਸ਼ ਨੂੰ ਵੀ ਕੁਝ ਦੇਣਾ ਸਿੱਖੋ।
ਸਭ ਨੂੰ ਆਪਣਾ ਧਰਮ ਪਿਆਰਾ ਹੁੰਦਾ ਹੈ
ਦੂਜਿਆਂ ਦੇ ਧਰਮ ਦੀ ਵੀ ਇੱਜਤ ਕਰਨਾ ਸਿਖੋ।
ਹਨੇਰੀ ਰਾਤ ਵਿੱਚ ਚੰਨ ਦੀ ਤਰ੍ਹਾਂ ਦੂਜਿਆਂ
ਦੀ ਜ਼ਿੰਦਗੀ ਵਿੱਚ ਰੋਸ਼ਨੀ ਕਰਨਾ ਸਿੱਖੋ।



ਪ੍ਰੋਫੈਸਰ ਸ਼ਾਮ ਲਾਲ ਕੌਸ਼ਲ
ਮੋਬਾਈਲ 94 16 35 90 45
ਰੋਹਤਕ ਹਰਿਆਣਾ

# ਜਨਮ-ਦਿਨ ਮੁਬਾਰਕ



ਅਰਮਾਨਜੋਤ ਸਿੰਘ, ਮੋਲੀਨਾ ਕੌਰ
ਪਿਤਾ ਦਾ ਨਾਮ ਨਵਜੋਤ ਸਿੰਘ
ਮਾਤਾ ਦਾ ਨਾਮ ਤੇਜਿੰਦਰ ਕੌਰ
ਪਿੰਡ ਸੁੱਜੋਂ
ਹਾਲ ਵਾਸੀ ਸਵੀਡਨ
ਫੋਟੋ ਦਾ ਵੇਰਵਾ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ
ਨਵਾਂਸ਼ਹਿਰ

# ਮਿਡਲੈਂਡਜ਼ ਅਕੈਡਮੀ ਆਫ਼ ਲਿਟਰੇਚਰ ਐਂਡ ਆਰਟ ਦੇ ਸਾਹਿਤਕ ਸਮਾਗਮ

## ਪੰਜਾਬੀ ਸਾਹਿਤ ਦੀ ਮਹਿਕ, ਨਾਮਵਰ ਲੇਖਕਾਂ ਅਤੇ ਕਵੀਆਂ ਨੇ ਬੰਨ੍ਹਿਆ ਰੰਗ

**ਲੈਸਟਰ(ਇੰਗਲੈਂਡ), 26ਜੁਲਾਈ (ਸੁਖਜਿੰਦਰ ਸਿੰਘ ਢੱਡੇ)**-ਮਿਡਲੈਂਡਜ਼ ਅਕੈਡਮੀ ਆਫ਼ ਲਿਟਰੇਚਰ ਐਂਡ ਆਰਟ ਵੱਲੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਸਮਰਪਿਤ ਇੱਕ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਯੂਕੇ ਦੇ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੇ ਨਾਮਵਰ ਨਾਵਲਕਾਰਾਂ, ਕਵੀਆਂ, ਗ਼ਜ਼ਲਗੋਆਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਭਰਵੀਂ ਸ਼ਮੂਲੀਅਤ ਕਰਕੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ।

ਸਮਾਗਮ ਦਾ ਮਕਸਦ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਨਵੀਂ ਅਤੇ ਪੁਰਾਣੀ ਸਾਹਿਤਕ ਪੀੜ੍ਹੀ ਵਿਚਕਾਰ ਸਾਂਝ ਨੂੰ ਮਜ਼ਬੂਤ ਕਰਨਾ ਸੀ।

ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਗਾਇਕ ਅਵਤਾਰ ਸਿੰਘ ਡੋਲ ਵੱਲੋਂ ਕਲਾਸੀਕਲ ਗਾਇਕੀ ਦੀ ਮਨਮੋਹਕ ਪੇਸ਼ਕਾਰੀ ਨਾਲ ਹੋਈ। ਉਨ੍ਹਾਂ ਦੀ ਸੁਰੀਲੀ ਆਵਾਜ਼ ਨੇ ਹਾਲ ਵਿੱਚ ਮੌਜੂਦ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ ਅਤੇ ਸਾਹਿਤਕ ਮਾਹੌਲ ਨੂੰ ਇੱਕ ਵਿਲੱਖਣ ਰੰਗ ਬਖ਼ਸ਼ਿਆ।

ਪਹਿਲੇ ਸਾਹਿਤਕ ਸੈਸ਼ਨ ਦੇ ਮੁੱਖ ਮਹਿਮਾਨ ਉੱਘੇ ਨਾਵਲਕਾਰ ਹਰਜੀਤ ਅਟਵਾਲ ਸਨ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਰਵਾਸੀ ਧਰਤੀ 'ਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਜਿਉਂਦਾ ਰੱਖਣ ਲਈ ਅਜਿਹੇ ਉਪਰਾਲੇ ਬਹੁਤ ਹੀ ਮਹੱਤਵਪੂਰਨ ਹਨ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਆਪਣੀ ਮਾਂ-ਬੋਲੀ ਨਾਲ ਜੋੜਨ ਅਤੇ ਪੰਜਾਬੀ ਸਾਹਿਤ ਨੂੰ ਪੜ੍ਹਨ-ਲਿਖਣ ਲਈ ਪ੍ਰੇਰਿਤ ਕੀਤਾ।

ਇਸ ਸੈਸ਼ਨ ਦੇ ਵਿਸ਼ੇਸ਼ ਮਹਿਮਾਨ ਪ੍ਰਸਿੱਧ ਪੰਜਾਬੀ ਗ਼ਜ਼ਲਗੋ ਸੁਰਿੰਦਰ ਸਿਹਰਾ ਸਨ। ਉਨ੍ਹਾਂ ਨੇ ਆਪਣੀਆਂ ਚੋਣਵੀਆਂ ਗ਼ਜ਼ਲਾਂ ਰਾਹੀਂ ਸਮਾਜਿਕ ਅਤੇ ਮਾਨਵੀ ਸੰਵੇਦਨਾਵਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ, ਜਿਸ ਨੂੰ ਸਰੋਤਿਆਂ ਵੱਲੋਂ ਭਰਪੂਰ ਦਾਦ ਮਿਲੀ।

ਇਸ ਮੌਕੇ ਹਰਮਿੰਦਰ ਨੇਗੀ ਨੇ ਆਪਣੀ ਕਵਿਤਾ ਰਾਹੀਂ ਮਨੁੱਖੀ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕੀਤਾ, ਜਦਕਿ ਡਾ. ਜਸਵੰਤ ਬਿਲਖੂ ਨੇ ਹਾਸੇ-ਮਜ਼ਾਕ ਅਤੇ ਵਿਅੰਗਾਤਮਕ ਕਵਿਤਾਵਾਂ ਨਾਲ ਸਮਾਗਮ ਵਿੱਚ ਹਾਸੇ ਦੀ ਰੌਣਕ ਪੈਦਾ ਕਰ ਦਿੱਤੀ। ਜਸਵੰਤ ਕੌਰ ਬੈਂਸ ਨੇ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

ਅੰਗਰੇਜ਼ੀ ਸਾਹਿਤ ਦੀ ਨੁਮਾਇੰਦਗੀ ਕਰਦਿਆਂ ਐਂਜੇਲਾ ਅਪਾਡੂ ਅਤੇ ਕਰੀਨਾ ਸ਼ੇਰ ਨੇ ਆਪਣੀਆਂ ਰਚਨਾਵਾਂ ਰਾਹੀਂ ਬਹੁ-ਸੱਭਿਆਚਾਰਕ ਸਮਾਜ ਵਿੱਚ ਸਾਹਿਤ ਦੀ ਭੂਮਿਕਾ ਉੱਤੇ ਚਾਨਣਾ ਪਾਇਆ। ਕ੍ਰਿਪਾਲ ਪੂਨੀ ਨੇ ਪੰਜਾਬੀ ਰਚਨਾਵਾਂ ਪੇਸ਼ ਕੀਤੀਆਂ, ਜਦਕਿ ਰੇਡੀਓ ਪੇਸ਼ਕਾਰ ਅਤੇ ਕਵੀ ਸ਼ਿੰਗਾਰਾ ਸਿੰਘ ਨੇ ਆਪਣੀ ਵਿਲੱਖਣ ਪੇਸ਼ਕਾਰੀ ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਡਾ. ਕਰਨੈਲ ਸ਼ੇਰਗਿੱਲ ਨੇ ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ ਵਿੱਚ ਆਪਣੀਆਂ ਰਚਨਾਵਾਂ ਪੇਸ਼ ਕਰਦਿਆਂ ਸਾਹਿਤਕ ਵਿਭਿੰਨਤਾ ਦਾ ਸੁੰਦਰ ਪ੍ਰਗਟਾਵਾ ਕੀਤਾ।





**ਕਵਿਤਾਵਾ ਪੇਸ ਕਰਦੇ ਹੋਏ ਵੱਖ ਵੱਖ ਕਵੀ ਅਤੇ ਹਾਜਰੀਨ, ਤਸਵੀਰ :- ਸੁਖਜਿੰਦਰ ਸਿੰਘ ਢੱਡੇ**

ਇਸ ਉਪਰੰਤ ਹੋਏ ਕਵਿਤਾ ਸੈਸ਼ਨ ਦੇ ਮੁੱਖ ਮਹਿਮਾਨ ਪ੍ਰਸਿੱਧ ਕਵੀ ਦਰਸ਼ਨ ਬੁਲੰਧੀ ਸਨ। ਉਨ੍ਹਾਂ ਨੇ ਆਪਣੀਆਂ ਪ੍ਰਭਾਵਸ਼ਾਲੀ ਕਵਿਤਾਵਾਂ ਰਾਹੀਂ ਸਮਾਜ, ਮਨੁੱਖੀ ਰਿਸ਼ਤਿਆਂ ਅਤੇ ਪਰਵਾਸੀ ਜੀਵਨ ਦੇ ਅਨੇਕਾਂ ਪੱਖਾਂ ਨੂੰ ਛੂਹਿਆ। ਉਨ੍ਹਾਂ ਦੀ ਪੇਸ਼ਕਾਰੀ ਨੂੰ ਹਾਜ਼ਰੀਨ ਵੱਲੋਂ ਖ਼ੂਬ ਸਰਾਹਿਆ ਗਿਆ।

ਕਵਿਤਾ ਸੈਸ਼ਨ ਵਿੱਚ ਜਸਵਿੰਦਰ ਮਾਨ ਨੇ ਆਪਣੀਆਂ ਗ਼ਜ਼ਲਾਂ ਨਾਲ ਸਰੋਤਿਆਂ ਦੀ ਵਾਹ-ਵਾਹ ਖੱਟੀ। ਜਸਮੇਰ ਸਿੰਘ ਲਾਲ, ਸ਼ਿੰਦਰ ਕੌਰ ਰਾਏ, ਰਾਨੀ, ਕੁਲਦੀਪ ਕੌਰ, ਕੰਵਲਜੀਤ ਸਿੰਘ, ਜਗਦੀਸ਼ ਸਿੰਘ ਅਤੇ ਨਾਹਿਲ ਸਾਹਿਬ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕਰਦਿਆਂ ਸਮਾਗਮ ਨੂੰ ਸਾਹਿਤਕ ਰੰਗਾਂ ਨਾਲ ਸਰਾਬੋਰ ਕਰ ਦਿੱਤਾ। ਹਰ ਕਵੀ ਦੀ ਪੇਸ਼ਕਾਰੀ ਨੂੰ ਸਰੋਤਿਆਂ ਨੇ ਤਾੜੀਆਂ ਦੀ ਗੂੰਜ ਨਾਲ ਸਨਮਾਨਿਤ ਕੀਤਾ।

ਸਮਾਗਮ ਵਿੱਚ ਲਗਭਗ 20 ਹੋਰ ਸਾਹਿਤ ਪ੍ਰੇਮੀਆਂ ਅਤੇ ਸਰੋਤਿਆਂ ਨੇ ਵੀ ਸ਼ਮੂਲੀਅਤ ਕੀਤੀ। ਪੂਰੇ ਸਮਾਗਮ ਦੌਰਾਨ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਪਰਵਾਸੀ ਜੀਵਨ ਨਾਲ ਜੁੜੇ ਵਿਸ਼ਿਆਂ 'ਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਹੁੰਦਾ ਰਿਹਾ। ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਪਰਵਾਸ ਵਿੱਚ ਰਹਿੰਦਿਆਂ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਨਾਲ ਜੁੜੇ ਰਹਿਣਾ ਸਮੇਂ ਦੀ ਵੱਡੀ ਲੋੜ ਹੈ ਅਤੇ ਸਾਹਿਤ ਇਸ ਸਬੰਧ ਨੂੰ ਮਜ਼ਬੂਤ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹੈ।ਵਕਤਾਵਾਂ ਨੇ ਮਿਡਲੈਂਡਜ਼ ਅਕੈਡਮੀ ਆਫ਼ ਲਿਟਰੇਚਰ ਐਂਡ ਆਰਟ ਵੱਲੋਂ ਲਗਾਤਾਰ ਕਰਵਾਏ ਜਾ ਰਹੇ ਸਾਹਿਤਕ ਸਮਾਗਮਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਨਾ ਸਿਰਫ਼ ਸਾਹਿਤਕਾਰਾਂ ਨੂੰ ਇੱਕ ਸਾਂਝਾ ਮੰਚ ਪ੍ਰਦਾਨ ਕਰਦੇ ਹਨ, ਸਗੋਂ ਨੌਜਵਾਨ ਪੀੜ੍ਹੀ ਨੂੰ ਆਪਣੀ ਭਾਸ਼ਾ ਅਤੇ ਵਿਰਾਸਤ ਨਾਲ ਜੋੜਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

ਸਮਾਗਮ ਦਾ ਮਾਹੌਲ ਸ਼ੁਰੂ ਤੋਂ ਅੰਤ ਤੱਕ ਸਾਹਿਤਕ ਰੰਗ ਵਿੱਚ ਰੰਗਿਆ ਰਿਹਾ। ਕਵਿਤਾ, ਗ਼ਜ਼ਲ, ਹਾਸ-ਵਿਅੰਗ, ਵਿਚਾਰ-ਵਟਾਂਦਰੇ ਅਤੇ ਸੰਗੀਤ ਦੀ ਸੁੰਦਰ ਸਾਂਝ ਨੇ ਹਾਜ਼ਰੀਨ ਨੂੰ ਲੰਬੇ ਸਮੇਂ ਤੱਕ ਯਾਦ ਰਹਿਣ ਵਾਲਾ ਸਾਹਿਤਕ ਅਨੁਭਵ ਦਿੱਤਾ। ਅੰਤ ਵਿੱਚ ਹਾਜ਼ਰ ਸਾਹਿਤਕਾਰਾਂ ਅਤੇ ਸਰੋਤਿਆਂ ਨੇ ਮਿਡਲੈਂਡਜ਼ ਅਕੈਡਮੀ ਆਫ਼ ਲਿਟਰੇਚਰ ਐਂਡ ਆਰਟ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਅਜਿਹੇ ਉੱਚ ਪੱਧਰੀ ਸਾਹਿਤਕ ਸਮਾਗਮ ਕਰਵਾਉਣ ਦੀ ਆਸ ਪ੍ਰਗਟਾਈ।

# ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੀਆਂ 11ਵੀਂ ਅਤੇ 12ਵੀਂ ਦੀਆਂ ਵਿਦਿਆਰਥਣਾਂ ਨੂੰ ਵੰਡੇ ਬੈਂਗ

**ਬਲਾਚੌਰ, 26 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਵੱਲੋਂ ਅੱਜ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਦੇ ਉਦੇਸ਼ ਨਾਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਲਾਚੌਰ ਵਿਖੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥਣਾ ਨੂੰ ਸਕੂਲ ਬੈਗ ਵੰਡੇ ਗਏ।ਇਸ ਮੌਕੇ ਵਿਦਿਆਰਥੀਆਂ ਵਿੱਚ ਖ਼ੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਇਸ ਮੌਕੇ ਤੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਾਨ ਸਰਕਾਰ ਸਿੱਖਿਆ ਦੇ ਖੇਤਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਬਿਹਤਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਉਹ ਗੁਣਵੱਤਾ ਭਰਪੂਰ ਸਿੱਖਿਆ ਪ੍ਰਾਪਤ ਕਰ ਸਕਣ।ਸੰਤੋਸ਼ ਕਟਾਰੀਆ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਹਰ ਵਿਦਿਆਰਥੀ ਨੂੰ ਉੱਚ ਪੱਧਰੀ ਸਿੱਖਿਆ, ਲੋੜੀਂਦੀਆਂ ਸਹੂਲਤਾਂ ਅਤੇ ਸਿੱਖਣ ਲਈ ਅਨੁਕੂਲ ਮਾਹੌਲ ਪ੍ਰਦਾਨ ਕਰਨਾ ਹੈ। ਇਸੇ ਕੜੀ ਤਹਿਤ ਸਕੂਲ ਬੈਗਾਂ ਦੀ ਵੰਡ ਵੀ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।



ਇਸ ਮੌਕੇ ਤੇ ਹਲਕਾ ਬਲਾਚੌਰ ਤੋਂ ਸੈਣੀ ਵੈਲਫੇਅਰ ਬੋਰਡ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਸੈਣੀ,ਹਲਕਾ ਬਲਾਚੌਰ ਤੋਂ ਐਸੀ ਵਿੰਗ ਦੇ ਪ੍ਰਧਾਨ ਕੁਲਦੀਪ ਕੁਮਾਰ, ਹਲਕਾ ਕੋਆਰਡੀਨੇਟਰ ਅਨਿਲ ਨਾਹਰ , ਕੌਂਸਲਰ ਨਿਰਮਲਾ ਰਾਣੀ ਰਾਮਪਾਲ ਮਹੈਸ਼ੀ , ਜਸਵਿੰਦਰ ਸਿਆਣ, ਅਤੇ ਸਕੂਲ ਦਾ ਸਮੂਹ ਸਟਾਫ ਰਿਹਾ।

# ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਏ.ਆਈ. ਯੁੱਗ ਦੀ ਸ਼ੁਰੂਆਤ: ਪਹਿਲੀ ਤੋਂ 12ਵੀਂ ਜਮਾਤ ਤੱਕ ਲਾਜ਼ਮੀ ਹੋਵੇਗਾ ਏ.ਆਈ. ਵਿਸ਼ਾ – ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ

**ਬਲਾਚੌਰ 26 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** : ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਇੱਕ ਹੋਰ ਇਤਿਹਾਸਕ ਕਦਮ ਚੁੱਕਦਿਆਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਯੁੱਗ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਮਹੱਤਵਪੂਰਨ ਉਪਰਾਲੇ ਤਹਿਤ ਹੁਣ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਬੱਚੇ



ਏ.ਆਈ. ਦਾ ਨਵਾਂ ਹੁਨਰ ਹਾਸਲ ਕਰਨਗੇ, ਜਿਸ ਨਾਲ ਵਿਦਿਆਰਥੀ ਆਧੁਨਿਕ ਤਕਨੀਕੀ ਯੁੱਗ ਦੇ ਹਾਣ ਦੇ ਬਣ ਸਕਣਗੇ। ਇਸ ਸਬੰਧੀ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਬਣ ਗਿਆ ਹੈ ਜਿੱਥੇ ਸਰਕਾਰੀ ਸਕੂਲਾਂ ਵਿੱਚ ਏ.ਆਈ. ਦਾ ਵਿਸ਼ਾ ਲਾਜ਼ਮੀ ਕੀਤਾ ਗਿਆ ਹੈ। ਮਾਨ ਸਰਕਾਰ ਦੇ ਇਸ ਲੋਕ ਪੱਖੀ ਅਤੇ ਦੂਰਅੰਦੇਸ਼ੀ ਫ਼ੈਸਲੇ ਨਾਲ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਆਮ ਘਰਾਂ ਦੇ ਬੱਚਿਆਂ ਨੂੰ ਉੱਚ ਪੱਧਰੀ ਤਕਨੀਕੀ ਸਿੱਖਿਆ ਪ੍ਰਾਪਤ ਹੋਵੇਗੀ, ਜੋ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਮੀਲ ਪੱਥਰ ਸਾਬਤ ਹੋਵੇਗੀ।

# ਅਰਵਿੰਦ ਨਗਰ ਵਿਖੇ ਸਪੀਕਰ ਪੰਜਾਬ ਵਿਧਾਨ ਸਭਾ ਨੇ ਕੀਤਾ ਓਪਨ ਜ਼ਿੰਮ ਦਾ ਉਦਘਾਟਨ

## ਕਲੋਨੀ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਅਰਵਿੰਦ ਨਗਰ ਵਿੱਚ ਕਮਿਊਨਿਟੀ ਹਾਲ ਬਣਾਉਣ ਲਈ ਹਰ ਸੰਭਵ ਮਦਦ ਦੇਣ ਦਾ ਦਿੱਤਾ ਭਰੋਸਾ

**ਕੋਟਕਪੂਰਾ (ਸ਼ਿਵਨਾਥ )** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਅੱਜ ਸਥਾਨਕ ਬਠਿੰਡਾ ਰੋਡ ਤੇ ਸਥਿਤ ਅਰਵਿੰਦ ਨਗਰ ਕਲੋਨੀ ਵਿੱਚ ਓਪਨ ਜ਼ਿੰਮ ਦਾ ਰੀਬਨ ਕੱਟ ਕੇ ਅਤੇ ਆਪ ਖੁਦ ਕੁੱਝ ਕਸਰਤਾਂ ਕਰਕੇ ਰਸਮੀ ਤੌਰ ਤੇ ਉਦਘਾਟਨ ਕੀਤਾ ਗਿਆ। ਅਰਵਿੰਦ ਨਗਰ ਵਿਕਾਸ ਕਮੇਟੀ ਕੋਟਕਪੂਰਾ ( ਰਜਿ : ) ਦੇ ਚੇਅਰਮੈਨ ਓਮ ਪ੍ਰਕਾਸ਼ ਗੋਇਲ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਅਰਵਿੰਦ ਨਗਰ ਵਿਕਾਸ ਕਮੇਟੀ ਦੇ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਆਪਣੇ ਸੰਬੋਧਨ ਵਿੱਚ ਕਲੋਨੀ ਵਸਨੀਕਾਂ ਦੀ ਕੁੱਝ ਮੁਸ਼ਕਲਾਂ ਸਪੀਕਰ ਸਾਹਿਬ ਦੇ ਧਿਆਨ ਵਿੱਚ ਲਿਆਂਦੀਆਂ ਅਤੇ ਮੰਗ ਕੀਤੀ ਕਿ ਵਸਨੀਕਾਂ ਦੀ ਸਹੂਲਤ ਵਾਸਤੇ ਅਤੇ ਛੋਟੇ ਮੋਟੇ ਸਮਾਜਿਕ ਸਮਾਗਮ ਕਰਨ ਲਈ ਕਲੋਨੀ ਵਿੱਚ ਖਾਲੀ ਪਈ ਕਿਸੇ ਜਗ੍ਹਾ ਤੇ ਕਮਿਊਨਟੀ ਹਾਲ ਦੀ ਸਥਾਪਨਾ ਕਰਨ ਵਾਸਤੇ ਪੰਜਾਬ ਸਰਕਾਰ ਅਤੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਵਸਨੀਕਾਂ ਦੀ ਫੰਡ ਦੇ ਤੌਰ ਤੇ ਮਦਦ ਕੀਤੀ ਜਾਵੇ। ਸਮਾਗਮ ਦੇ ਮੁੱਖ ਮਹਿਮਾਨ ਕੁਲਤਾਰ ਸਿੰਘ ਸੰਧਵਾਂਸਪੀਕਰ ਪੰਜਾਬ ਵਿਧਾਨ ਸਭਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਡੇ ਸਾਰਿਆਂ ਦੀ ਤੰਦਰੁਸਤੀ ਲਈ ਸਰੀਰਕ ਕਸਰਤ ਵਿਸ਼ੇਸ਼ ਤੌਰ ਤੇ ਜ਼ਿੰਮ ਦਾ ਬਹੁਤ ਮਹੱਤਵਪੂਰਨ ਰੋਲ ਹੈ । ਉਹਨਾਂ ਅੱਗੇ ਕਿਹਾ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਸਰਕਾਰ ਦੇ ਯੋਗਦਾਨ ਸਦਕਾ ਅਰਵਿੰਦ ਨਗਰ ਦੇ ਵਸਨੀਕਾਂ ਵਾਸਤੇ ਓਪਨ ਜ਼ਿੰਮ ਪ੍ਰਦਾਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹਨਾਂ ਵਸਨੀਕਾਂ ਦੀ ਮੰਗ ਮੁਤਾਬਿਕ ਕਲੋਨੀ ਵਿੱਚ ਕਮਿਊਨਟੀ ਹਾਲ ਦੀ ਸਥਾਪਨਾ ਕਰਨ ਵਿੱਚ ਪੰਜਾਬ ਸਰਕਾਰ ਵੱਲੋਂ ਵਿੱਤੀ ਤੌਰ ਤੇ ਹਰ ਸੰਭਵ





ਸਹਾਇਤਾ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ। ਅਰਵਿੰਦ ਨਗਰ ਵਿਕਾਸ ਕਮੇਟੀ ਦੇ ਪ੍ਰਧਾਨ ਸੰਤੋਖ ਸਿੰਘ ਚਾਨਾ ਨੇ ਮੁੱਖ ਮਹਿਮਾਨ ਅਤੇ ਸਮੂਹ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਦੌਰਾਨ ਵਸਨੀਕਾਂ ਵੱਲੋਂ ਮੁੱਖ ਮਹਿਮਾਨ ਕੁਲਤਾਰ ਸਿੰਘ ਸੰਧਵਾਂ, ਇੰਜਨੀਅਰ ਸੁਖਜੀਤ ਸਿੰਘ ਢਿੱਲਵਾਂ ਵਾਈਸ ਚੇਅਰਮੈਨ ਪੰਜਾਬ ਊਰਜਾ ਵਿਕਾਸ ਏਜੰਸੀ, ਸਵਰਨ ਸਿੰਘ ਮੋਂਗਾ ਅਤੇ ਮਨਦੀਪ ਕੁਮਾਰ ਮੋਂਗਾ ਪਰਿਵਾਰਕ ਮੈਂਬਰ ਨਗਰ ਕੌਂਸਲਰ ਵਾਰਡ ਨੰਬਰ 9 ਅਤੇ ਸਵਰਨ ਸਿੰਘ ਵਿਰਦੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ



ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਵਿਕਾਸ ਕਮੇਟੀ ਦੇ ਮੁੱਖ ਆਹੁਦੇਦਾਰ ਨਾਜ਼ਰ ਸਿੰਘ ਸਿੱਧੂ ਮੈਨੇਜਰ, ਸੁਖਰਾਜ ਸਿੰਘ ਚਾਨਾ, ਅਜਮੇਰ ਸਿੰਘ ਬਰਾੜ, ਰਜਿੰਦਰ ਸਿੰਘ ਬਰਾੜ ਮਰਾੜ ਕਲਾਂ , ਮਨਦੀਪ ਸਿੰਘ ਸਰਾਂ, ਰਜਿੰਦਰ ਥਾਪਰ, ਹਰਵਿੰਦਰ ਸਿੰਘ ਵੈਨਸੀ, ਪ੍ਰੋਫੈਸਰ ਮਨਵਿੰਦਰ ਸਿੰਘ, ਮਾਸਟਰ ਲਖਵਿੰਦਰ ਸਿੰਘ ਸਿੱਧੂ, ਅਸ਼ੋਕ ਦਾਬੜਾ, ਅੰਗਰੇਜ਼ ਸਿੰਘ ਮਾਨ ਆਰਕੀਟੈਕਟ, ਕ੍ਰਿਸ਼ਨ ਕੁਮਾਰ ਗੋਇਲ ਆਗੂ ਆੜ੍ਹਤੀ ਐਸੋਸੀਏਸ਼ਨ, ਭੋਲਾ ਸਿੰਘ ਸਰਪੰਚ ਘਣੀਏ ਵਾਲਾ, ਭੁਪਿੰਦਰ ਸਿੰਘ ਸੋਥਾ ,ਅਨਿਲ ਦਾਬੜਾ, ਗੁਰਿੰਦਰ ਸਿੰਘ ਚਾਨਾ, ਬਲਜਿੰਦਰ ਸਿੰਘ ਬੱਲੀ ਮੈਨੇਜਰ , ਤਨੁਜ ਗੋਇਲ , ਰਮਨ ਬਾਂਸਲ, ਡਾਕਟਰ ਰਣਜੀਤ ਸਿੰਘ ਪ੍ਰਧਾਨ ਦਸ਼ਮੇਸ਼ ਮਾਰਕੀਟ , ਗੁਰਮੀਤ ਸਿੰਘ ਚਾਨਾ ਸੇਵਾ ਮੁਕਤ ਬੈਂਕ ਮੈਨੇਜਰ,ਪਰਵਿੰਦਰ ਸਿੰਘ ਐਸ ਡੀ ਓ , ਦਵਿੰਦਰ ਸਿੰਘ ਆਹੂਜਾ, ਹਰਭਜਨ ਸਿੰਘ ਸੂਰਘੂਰੀ , ਮਨਪ੍ਰੀਤ ਸਿੰਘ ਚਾਨਾ, ਮਨਜੀਤ ਕੁਮਾਰ ਲੈਕਚਰਾਰ, ਖੁਸ਼ਦੀਪ ਸਿੰਘ ਮੱਤਾ ਐਡਵੋਕੇਟ,,ਸੋਨੂੰ ਬਤਰਾ,ਰਾਜੇਸ਼ ਮਿਤੱਲ, ਸੁਰਿੰਦਰ ਸਿੰਘ ਮੱਕੜ, ਲਵਲੀ ਸਦਿਓੜਾ ,ਸਵਰਨ ਕੰਵਲ ਮਾਨ , ਮਾਸਟਰ ਹਰਨੇਕ ਸਿੰਘ ਸਰਾਂ, ਮਨਪ੍ਰੀਤ ਸਿੰਘ ਮਨੂ ਚਾਨਾ ਅਤੇ ਗੁਰਤੇਜ ਸਿੰਘ ਫੌਜੀ ਆਦਿ ਹਾਜ਼ਰ ਸਨ।

# ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਲੋੜਵੰਦ ਮਰੀਜ਼ਾਂ ਲਈ ਖੂਨਦਾਨ ਕੈਂਪ ਲਾਇਆ

## ਛੇਵੇਂ ਪਾਤਸ਼ਾਹ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਵਾ ਕੇ ਸਿੱਖ ਕੌਮ ਨੂੰ ਮਜ਼ਬੂਤ ਬਣਾਇਆ-ਜੱਥੇ:ਨਿਮਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੀਰੀ- ਪੀਰੀ ਦਿਵਸ ਨੂੰ ਸਮਰਪਿਤ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ 904ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਸਾਹਿਬ ਬਾਬੇ ਸ਼ਹੀਦ ਪਿੰਡ ਅਜਨੌਦ ਵਿਖੇ ਗੁ: ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਨੇ ਮੀਰੀ-ਪੀਰੀ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦੇਂਦੇ ਹੋਏ ਕਿਹਾ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਬਖਸ਼ੀ ਉਹ ਜੀਵਨ ਜਾਂਚ ਹੈ ਜੋ ਅਧਿਆਤਮਕ ਰਹਿਬਰੀ ਅਤੇ ਸਮਾਜਿਕ ਖ਼ੁਦਮੁਖ਼ਤਿਆਰੀ ਦਾ ਚਿਤਰਨ ਕਰਦੀ ਹੈ, ਛੇਵੇਂ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਵਾ ਕੇ ਧਰਮ ਅਤੇ ਰਾਜਨੀਤੀ ਦਾ ਸੰਯੁਕਤ ਰੂਪ ਬਖ਼ਸ਼ ਕੇ ਕੌਮ ਨੂੰ ਮਜ਼ੂਬਤ ਬਣਾਇਆ । ਇਸ ਸਮੇਂ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਸੁਖਜਿੰਦਰ ਸਿੰਘ ਸੁੱਖੀ ਅਜਨੌਦ, ਬਲਜੀਤ ਸਿੰਘ ਦਿਉਲ ਨੇ ਖ਼ੂਨਦਾਨ ਕਰਨ ਵਾਲੇ ਨੋਜਵਾਨਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਰਟੀਫਿਕੇਟ ਦੇ ਕੇ ਸਨਮਾਨਿਤ ਕਰਦੇ ਹੋਏ ਦੱਸਿਆ । ਖ਼ੂਨਦਾਨ ਕੈਂਪ ਦੌਰਾਨ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਬਲਦੇਵ ਸਿੰਘ ਸੰਧੂ, ਰਿਕੀ ਅਜਨੌਦ, ਲਵਪ੍ਰੀਤ ਸਿੰਘ, ਅਮਰਿੰਦਰ ਸਿੰਘ ਦਿਓਲ, ਹਰਮਨਪ੍ਰੀਤ ਸਿੰਘ, ਅਮਨਦੀਪ ਸਿੰਘ, ਅਵਤਾਰ ਸਿੰਘ ਸਿੱਧੂ ਕਾਨੂੰਗੋ, ਮੈਨੇਜਰ ਤਲਵਿੰਦਰ ਸਿੰਘ ਹੈਪੀ, ਮੋਹਨ ਸਿੰਘ ਭੰਡਾਲ, ਸੁਖਵਿੰਦਰ ਸਿੰਘ ਰਿੰਕੂ, ਮਾਸਟਰ ਗੁਰਬਚਨ ਸਿੰਘ, ਹਰਪ੍ਰੀਤ ਸਿੰਘ ਹੈਪੀ, ਜਤਿੰਦਰ ਸਿੰਘ ਸਿੱਧੂ, ਅਵਤਾਰ ਸਿੰਘ ਮੱਲ੍ਹੀ, ਰਮਨਦੀਪ ਸਿੰਘ ਮੱਲ੍ਹੀ, ਪੰਚ ਬਲਜੀਤ ਸਿੰਘ, ਨਾਜਰ ਸਿੰਘ ਫੌਜੀ, ਸਵਰਨਜੀਤ ਸਿੰਘ ਗੋਲਡੀ, ਕੁਲਵੰਤ ਸਿੰਘ, ਬਾਬਾ ਜਗਦੇਵ ਸਿੰਘ, ਲਵਪ੍ਰੀਤ ਸਿੰਘ ਨੱਤ ਅਤੇ ਗੁ: ਬਾਬੇ ਸ਼ਹੀਦਾਂ ਦੀ ਸਮੁੱਚੀ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਸਨ ।



# ਬਲਾਚੌਰ ਦੇ ਪਿੰਡਾਂ 'ਚ ਵਿਧਾਇਕਾ ਸੰਤੋਸ਼ ਕਟਾਰੀਆ ਦੀ 'ਲੋਕ ਮਿਲਣੀ' ਨੂੰ ਭਰਵਾਂ ਹੁੰਗਾਰਾ

## ਲੋਕਾਂ ਨੇ ਲਗਾਏ 'ਭਗਵੰਤ ਮਾਨ ਦੁਬਾਰਾ' ਦੇ ਨਾਅਰੇ; ਪੰਚਾਇਤਾਂ ਵੱਲੋਂ ਵਿਧਾਇਕਾ ਦਾ ਵਿਸ਼ੇਸ਼ ਸਨਮਾਨ

**ਬਲਾਚੌਰ, 26ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )**ਵਿਧਾਨ ਸਭਾ ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਅਤੇ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਤੂਫ਼ਾਨੀ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਪਿੰਡ ਮਹਿੰਦਪੁਰ, ਬੱਗੂਵਾਲ ਵਿਖੇ ਵਿਸ਼ੇਸ਼ 'ਲੋਕ ਮਿਲਣੀ' ਪ੍ਰੋਗਰਾਮਾਂ ਤਹਿਤ ਪਿੰਡ ਵਾਸੀਆਂ ਨਾਲ ਅਹਿਮ ਮੁਲਾਕ-ਾਤ ਕੀਤੀ ਗਈ। ਇਸ ਮਿਲਣੀ ਦੌਰਾਨ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਭਾਰੀ ਉਤਸ਼ਾਹ ਦਿਖਾਇਆ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੱਖ ਵਿੱਚ "ਪੰਜਾਬ ਦਾ ਇਕੋ ਨਾਅਰਾ, ਭਗਵੰਤ ਮਾਨ ਦੁਬਾਰਾ" ਦੇ ਜੋਸ਼ੀਲੇ ਨਾਅਰੇ ਲਗਾਏ।ਲੋਕ ਮਿਲਣੀ' ਦੌਰਾਨ ਹਲਕਾ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਨੇ ਪਿੰਡ ਵਾਸੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਰਿਕਾਰਡ ਤੋੜ ਲੋਕ ਭਲਾਈ ਦੇ ਕੰਮਾਂ ਬਾਰੇ ਵਿਸਤਾਰਪੂਰਵਕ



ਜਾਣਕਾਰੀ ਦਿੱਤੀ। ਇਸ ਮੌਕੇ ਪਿੰਡ ਵਾਸੀਆਂ ਨੇ ਆਪਣੀਆਂ ਮੁਸ਼ਕਿਲਾਂ, ਰੋਜ਼ਾਨਾ ਦੀਆਂ ਲੋੜਾਂ ਅਤੇ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਅਹਿਮ ਸੁਝਾਅ ਪੇਸ਼ ਕੀਤੇ, ਜਿਨ੍ਹਾਂ ਨੂੰ ਹਲਕਾ ਵਿਧਾਇਕਾ ਨੇ ਬਹੁਤ ਧਿਆਨ ਨਾਲ ਸੁਣਿਆ ਅਤੇ ਪਹਿਲ ਦੇ ਅਧਾਰ 'ਤੇ ਜਲਦੀ ਹੱਲ ਕਰਨ ਦਾ ਪੱਕਾ ਭਰੋਸਾ ਦਿੱਤਾ।ਆਮ ਲੋਕਾਂ ਦੀਆਂ ਮੁਸ਼ਕਿਲਾਂ ਦਾ ਤੁਰੰਤ ਨਿਪਟਾਰਾ ਕਰਨਾ ਅਤੇ ਹਲਕੇ ਦਾ ਸਰਵਪੱਖੀ ਵਿਕਾਸ ਕਰਨਾ ਹੀ ਸਾਡੀ ਮੁੱਖ ਤਰਜੀਹ ਹੈ।"ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਾਨ ਸਰਕਾਰ ਨੇ ਮੁਫ਼ਤ ਬਿਜਲੀ, ਮਾਵਾਂ-ਧੀਆਂ ਸਤਿਕਾਰ ਯੋਜਨਾ, ਆਮ ਆਦਮੀ ਕਲੀਨਿਕ, ਸਿੱਖਿਆ ਵਿੱਚ ਕ੍ਰਾਂਤੀਕਾਰੀ ਸੁਧਾਰ ਅਤੇ ਘਰ-ਘਰ ਆਟਾ-ਦਾਲ ਸਕੀਮ ਵਰਗੇ ਸਾਰੇ ਚੋਣ ਵਾਅਦਿਆਂ ਨੂੰ ਹਕੀਕਤ ਵਿੱਚ ਬਦਲ ਕੇ ਦਿਖਾਇਆ ਹੈ, ਜਿਸ ਕਾਰਨ ਅੱਜ ਜਨਤਾ ਵਿੱਚ ਭਾਰੀ ਉਤਸ਼ਾਹ ਹੈ।ਇਸ ਦੌਰਾਨ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਅਤੇ ਮੋਹਤਬਰਾਂ ਵੱਲੋਂ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਅਤੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਦਾ ਸਿਰੋਪਾਓ ਭੇਂਟ ਕਰਕੇ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ, ਪਾਰਟੀ ਵਰਕਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਕਾਠਗੜ੍ਹ ਵਿਖੇ ਸ਼ਾਈਨ ਵੈਟ ਲੈਬ ਵੱਲੋਂ ਨਵਾਂਸ਼ਹਿਰ ਜ਼ਿਲ੍ਹੇ ਦੀ ਪਹਿਲੀ ਆਧੁਨਿਕ ਵੈਟਰਨਰੀ ਲੈਬ ਦਾ ਉਦਘਾਟਨ







**ਬਲਾਚੌਰ 26 ਜੁਲਾਈ (ਜਤਿੰਦਰਪਾਲ ਸਿੰਘ ਕਲੇਰ) :** ਪੰਜਾਬ ਦੇ ਵਿੱਚ ਪਸ਼ੂ ਪਾਲਣ ਕਿੱਤੇ ਨੂੰ ਹੋਰ ਉੱਨਤ, ਮਜ਼ਬੂਤ ਅਤੇ ਆਧੁਨਿਕ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਸ਼ਾਈਨ ਵੈਟ ਲੈਬ ਵੱਲੋਂ ਕਾਠਗੜ੍ਹ ਵਿਖੇ ਨਵਾਂਸ਼ਹਿਰ ਜ਼ਿਲ੍ਹੇ ਦੀ ਪਹਿਲੀ ਅਤਿ-ਆਧੁਨਿਕ ਵੈਟਰਨਰੀ ਲੈਬ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਨਵੀਂ ਅਤੇ ਆਧੁਨਿਕ ਲੈਬ ਦਾ ਸ਼ੁਭ ਉਦਘਾਟਨ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਅਤੇ ਆਪ (ਆਮ ਆਦਮੀ ਪਾਰਟੀ) ਦੇ ਸੀਨੀਅਰ ਆਗੂ ਜਸਵੀਰ ਸਿੰਘ ਘੁੰਮਣ ਸਰਪੰਚ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਨਵੇਂ ਅਦਾਰੇ ਦੇ ਖੁੱਲ੍ਹਣ ਨਾਲ ਇਲਾਕੇ ਦੇ ਸਮੂਹ ਪਸ਼ੂ ਪਾਲਕਾਂ, ਡੇਅਰੀ ਮਾਲਕਾਂ ਅਤੇ ਵੈਟਰਨਰੀ ਡਾਕਟਰਾਂ ਨੇ ਵੱਡੀ ਰਾਹਤ ਦਾ ਸਾਹ ਲਿਆ ਹੈ ਕਿਉਂਕਿ ਪਹਿਲਾਂ ਪਸ਼ੂਆਂ ਦੀਆਂ ਗੰਭੀਰ ਬਿਮਾਰੀਆਂ ਦੇ ਟੈਸਟਾਂ ਦੀ ਜਾਂਚ ਲਈ ਸੈਂਪਲ ਦਿੱਲੀ ਜਾਂ ਦੂਰ-ਦੁਰਾਡੇ ਦੇ ਸ਼ਹਿਰਾਂ ਵਿੱਚ ਭੇਜਣੇ ਪੈਂਦੇ ਸਨ ਅਤੇ ਰਿਪੋਰਟਾਂ ਲਈ ਲੰਬਾ ਸਮਾਂ ਉਡੀਕ ਕਰਨੀ ਪੈਂਦੀ ਸੀ, ਪਰ ਹੁਣ ਇਹ ਸਾਰੀਆਂ ਅਤਿ-ਆਧੁਨਿਕ ਜਾਂਚਾਂ ਇੱਥੇ ਸਥਾਨਕ ਪੱਧਰ 'ਤੇ ਹੀ ਬਹੁਤ ਘੱਟ ਸਮੇਂ ਵਿੱਚ ਆਸਾਨੀ ਨਾਲ ਹੋ ਜਾਇਆ ਕਰਨਗੀਆਂ।

ਸਾਲ 2021 ਤੋਂ 2026 ਤੱਕ ਦੇ ਪ੍ਰੇਰਣਾਦਾਇਕ ਸਫ਼ਰ ਨੂੰ ਯਾਦ ਕਰਦਿਆਂ ਸ਼ਾਈਨ ਵੈਟ ਲੈਬ ਨੇ ਸਾਲ 2021 ਵਿੱਚ ਕੇਵਲ ਇੱਕ ਲੈਬ ਨਾਲ ਆਪਣੇ ਕੰਮ ਦੀ ਸ਼ੁਰੂਆਤ ਕੀਤੀ ਸੀ, ਪਰ ਸਮੇਂ ਦੇ ਨਾਲ ਕਿਸਾਨਾਂ, ਪਸ਼ੂ ਪਾਲਕਾਂ ਅਤੇ ਮਾਹਿਰ ਡਾਕਟਰਾਂ ਦੇ ਅਥਾਹ ਭਰੋਸੇ ਸਦਕਾ ਇਹ ਅਦਾਰਾ ਤਰੱਕੀ ਕਰਦਿਆਂ ਅੱਜ ਪੰਜਾਬ ਭਰ ਵਿੱਚ ਆਪਣੀਆਂ 3 ਸ਼ਾਖਾਵਾਂ ਤੱਕ ਦਾ ਸਫ਼ਲ ਸਫ਼ਰ ਤੈਅ ਕਰ ਚੁੱਕਾ ਹੈ। ਮੌਜੂਦਾ ਸਮੇਂ ਵਿੱਚ ਇਸ ਲੈਬ ਦੀਆਂ ਮੁੱਖ ਸ਼ਾਖਾਵਾਂ ਵਿੱਚ ਸਾਹਨੇਵਾਲ (ਲੁਧਿਆਣਾ) ਵਿਖੇ ਸਥਿਤ ਹੈੱਡ ਲੈਬਾਰਟਰੀ ਤੋਂ ਇਲਾਵਾ ਵੇਰਕਾ (ਅੰਮ੍ਰਿਤਸਰ) ਅਤੇ ਨਵੇਂ ਕੇਂਦਰ ਵਜੋਂ ਕਾਠਗੜ੍ਹ (ਬਲਾਚੌਰ, ਨਵਾਂਸ਼ਹਿਰ) ਸ਼ਾਮਲ ਹਨ, ਜੋ ਕਿ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਪਸ਼ੂ ਸਿਹਤ ਸੇਵਾਵਾਂ ਨੂੰ ਘਰ-ਘਰ ਤੱਕ ਪਹੁੰਚਾ ਰਹੀਆਂ ਹਨ।

ਇਸ ਆਧੁਨਿਕ ਲੈਬ ਅੰਦਰ ਪਸ਼ੂਆਂ ਦੀ ਸਿਹਤ ਸੰਭਾਲ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਉੱਚ ਪੱਧਰੀ ਡਾਇਗਨੌਸਟਕ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਪਸ਼ੂਆਂ ਦੇ ਵਿਆਪਕ ਬਲੱਡ ਟੈਸਟ, ਸੀ.ਬੀ.ਸੀ. (ਕੰਪਲੀਟ ਬਲੱਡ ਕਾਊਂਟ) ਅਤੇ ਬਾਇਓਕੈਮਿਸਟਰੀ ਟੈਸਟ, ਬਿਮਾਰੀਆਂ ਦੀ ਸਹੀ ਅਤੇ ਸਮੇਂ ਸਿਰ ਪਛਾਣ (ਡਿਜ਼ੀਜ਼ ਡਾਇਗਨੌਸਿਸ), ਏਲੀਸਾ ਟੈਸਟਿੰਗ ਸਮੇਤ ਹੋਰ ਕਈ ਉੱਨਤ ਵੈਟਰਨਰੀ ਸੇਵਾਵਾਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹਨ, ਜੋ ਪਸ਼ੂਆਂ ਦੀਆਂ ਗੁਪਤ ਅਤੇ ਘਾਤਕ ਬਿਮਾਰੀਆਂ ਦਾ ਮੌਕੇ 'ਤੇ ਹੀ ਪਤਾ ਲਗਾ ਕੇ ਸਹੀ ਇਲਾਜ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਕਾਠਗੜ੍ਹ ਇਲਾਕੇ ਵਿੱਚ ਵੱਡੇ-ਵੱਡੇ ਫਾਰਮਰ ਅਤੇ ਡੇਅਰੀਆਂ ਹੋਣ ਕਾਰਨ, ਇਹ ਲੈਬ ਨਵਾਂਸ਼ਹਿਰ ਇਲਾਕੇ ਦੀ ਆਧੁਨਿਕ ਤਕਨੀਕ ਅਤੇ ਕੁਆਲੀਫਾਈਡ ਸਟਾਫ਼ ਨਾਲ ਲੈਸ ਹੋ ਕੇ ਇਲਾਕੇ ਦੇ ਸਮੂਹ ਪਸ਼ੂ ਪਾਲਕਾਂ ਲਈ ਬਹੁਤ ਵੱਡੀ ਲਾਹੇਵੰਦ ਸਾਬਤ ਹੋਵੇਗੀ ਅਤੇ ਇਸ ਨਾਲ ਪਸ਼ੂ ਪਾਲਕਾਂ ਨੂੰ ਬਹੁਤ ਵੱਡਾ ਫ਼ਾਇਦਾ ਪਹੁੰਚੇਗਾ। ਅਦਾਰੇ ਦੇ ਪ੍ਰਬੰਧਕਾਂ ਅਤੇ ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਦਾ ਇਹ ਸ਼ਾਨਦਾਰ ਅਤੇ ਕਾਮਯਾਬ ਸਫ਼ਰ ਹਰ ਇੱਕ ਮਿਹਨਤਕਸ਼ ਕਿਸਾਨ ਵੀਰ, ਤਜ਼ਰਬੇਕਾਰ ਵੈਟਰਨਰੀ ਡਾਕਟਰ ਅਤੇ ਉਨ੍ਹਾਂ ਦੇ ਸਮੂਹ ਸਹਿਯੋਗੀਆਂ ਦੇ ਅਟੁੱਟ ਭਰੋਸੇ ਤੋਂ ਬਿਨਾਂ ਕਦੇ ਵੀ ਸੰਭਵ ਨਹੀਂ ਸੀ ਹੋ ਸਕਦਾ, ਜਿਸ ਦੇ ਲਈ ਉਹ ਸਮੂਹ ਵਰਗ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਅਤੇ ਭਵਿੱਖ ਵਿੱਚ ਵੀ ਪੰਜਾਬ ਦੇ ਪਸ਼ੂ ਪਾਲਕਾਂ ਨੂੰ ਮਿਆਰੀ ਅਤੇ ਭਰੋਸੇਯੋਗ ਸੇਵਾਵਾਂ ਸਮਰਪਣ ਭਾਵ ਨਾਲ ਜਾਰੀ ਰੱਖਣ ਦਾ ਪ੍ਰਣ ਲੈਂਦੇ ਹਨ।

# ਐਸ.ਡੀ.ਪੀ. ਕਾਲਜ ਦੇ ਵਿਦਿਆਰਥੀਆਂ ਨੇ ਪੀ.ਜੀ.ਡੀ.ਸੀ.ਏ. ਦੂਜੇ ਸਮੈਸਟਰ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ

**ਲੁਧਿਆਣਾ 26 ਜੁਲਾਈ (ਕਰਨੈਲ ਸਿੰਘ ਐੱਮ.ਏ.)** ਐਸ.ਡੀ.ਪੀ.ਕਾਲਜ ਫਾਰ ਵੂਮੈਨ, ਲੁਧਿਆਣਾ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਸਦੀਆਂ ਵਿਦਿਆਰਥਣਾਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਆਯੋਜਿਤ ਪੀ.ਜੀ.ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨਜ਼ (ਪੀ.ਜੀ.ਡੀ.ਸੀ.ਏ.) ਦੂਜੇ ਸਮੈਸਟਰ ਦੀਆਂ ਪ੍ਰੀਖਿਆਵਾਂ ਵਿੱਚ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ ਹੈ। ਅੰਨੂ ਨੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਨਵਿਆ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਕਨਿਕਾ ਗੁਪਤਾ ਨੇ ਕਾਲਜ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਹੋਣਹਾਰ ਵਿਦਿਆਰਥਣਾਂ ਨੇ ਆਪਣੀ



ਸਫਲਤਾ ਦਾ ਸਿਹਰਾ ਆਪਣੇ ਪਰਿਵਾਰਾਂ ਦੇ ਨਿਰੰਤਰ ਉਤਸ਼ਾਹ ਅਤੇ ਸਮਰਥਨ ਅਤੇ ਵਿਭਾਗੀ ਫੈਕਲਟੀ ਦੇ ਅਣਥੱਕ ਯਤਨਾਂ ਨੂੰ ਦਿੱਤਾ। ਐਸ.ਡੀ.ਪੀ. ਸਭਾ (ਰਜਿਸਟਰਡ) ਅਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਭਸੀਨ, ਕਾਰਜਕਾਰੀ ਪ੍ਰਿੰਸੀਪਲ ਡਾ: ਰੰਜਨਾ ਸੂਦ, ਅਤੇ ਸਟਾਫ਼ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਵਿੱਚ ਨਿਰੰਤਰ ਸਫਲਤਾ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਵੇਦ ਪ੍ਰਚਾਰ ਮੰਡਲ ਵੱਲੋਂ ਬੀ.ਵੀ.ਐਮ, ਯੂ.ਐਸ.ਐਨ ਵਿਖੇ ਵੈਦਿਕ ਭਾਸ਼ਣ ਮੁਕਾਬਲਾ ਅਯੋਜਿਤ

**ਲੁਧਿਆਣਾ 26 ਜੁਲਾਈ (ਕਰਨੈਲ ਸਿੰਘ ਐੱਮ.ਏ.)** ਵੇਦ ਪ੍ਰਚਾਰ ਮੰਡਲ ਵੱਲੋਂ ਭਾਰਤੀ ਵਿਦਿਆ ਮੰਦਰ, ਊਧਮ ਸਿੰਘ ਨਗਰ ਵਿਖੇ ਇੱਕ ਵੈਦਿਕ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਸਕੂਲ ਦੇ ਪ੍ਰਿੰਸੀਪਲ, ਸ਼੍ਰੀ ਪਵਨ ਸੂਦ, ਵਾਈਸ ਪ੍ਰਿੰਸੀਪਲ, ਸ਼੍ਰੀ ਰਾਜੇਸ਼ ਭਾਰਦਵਾਜ ਅਤੇ ਸ਼੍ਰੀਮਤੀ ਅਸ਼ਮਿਤਾ ਦੀ ਮੌਜੂਦਗੀ ਨੇ ਸਮਾਗਮ ਦੀ ਸ਼ਾਨ ਨੂੰ ਹੋਰ ਵਧਾ ਦਿੱਤਾ। ਕੁੱਲ 19 ਵਿਦਿਆਰਥੀਆਂ ਨੇ ਵੈਦਿਕ ਵਿਚਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਅਧਿਆਤਮਿਕ ਚਿੰਤਨ 'ਤੇ ਆਧਾਰਿਤ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਰਾਹੀਂ ਆਪਣੇ ਸ਼ਾਨਦਾਰ ਭਾਸ਼ਣ ਹੁਨਰ ਦਾ ਪ੍ਰਦਰਸ਼ਨ ਕੀਤਾ। ਇਸ ਮੁਕਾ-ਬਲੇ ਦਾ ਉਦੇਸ਼ ਵੈਦਿਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਸਾਰੇ ਭਾਗੀਦਾਰਾਂ ਨੇ ਉਤਸ਼ਾਹ ਨਾਲ ਮੁਕਾਬਲੇ ਵਿੱਚ ਹਿੱਸਾ ਲਿਆ, ਆਪਣੇ-ਆਪਣੇ ਵਿਸ਼ਿਆਂ 'ਤੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ। ਸਕੂਲ ਦੇ ਤਜਰਬੇਕਾਰ ਸੰਸਕ੍ਰਿਤ ਅਤੇ ਹਿੰਦੀ ਅਧਿਆਪਕ ਕ੍ਰਮਵਾਰ ਸ਼੍ਰੀ ਰਾਜਕੁਮਾਰ ਅਤੇ ਸ਼੍ਰੀਮਤੀ ਮੋਨਿਕਾ ਨੇ ਜੱਜਾਂ ਵਜੋਂ ਸੇਵਾ ਨਿਭਾਈ ਅਤੇ ਸਾਰੇ ਭਾਗੀਦਾਰਾਂ ਦਾ ਮੁਲਾਂਕਣ ਕੀਤਾ। ਇਸ ਮੁਕਾਬਲੇ ਵਿੱਚ, ਨੌਵੀਂ ਜਮਾਤ ਦੀ ਵਿਦਿਆਰਥਣ ਪਲਕਸ਼ਾ ਨੇ ਸਫ਼ਾਈ, ਸੰਤੁਸ਼ਟੀ, ਤਪੱਸਿਆ, ਸਵੈ-ਅਧਿਐਨ ਅਤੇ ਈਸ਼ਵਰਪ੍ਰਣਿਧਾਨ ਨਿਯਮ ਦੇ ਵਿਸ਼ਿਆਂ 'ਤੇ ਆਪਣੇ




ਪ੍ਰਭਾਵਸ਼ਾਲੀ ਭਾਸ਼ਣ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ। ਅੱਠਵੀਂ ਜਮਾਤ ਦੀ ਵਿਦਿਆਰਥਣ ਪਰਿਣੀਤੀ ਨੇ "ਕਰਮਣਯੇ ਵਧਿਕਰਸਤੇ ਮਾ ਫਲੇਸ਼ੁਕਾਦਚਨ" ਵਿਸ਼ੇ 'ਤੇ ਆਪਣੀ ਪੇਸ਼ਕਾਰੀ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਨੌਵੀਂ ਜਮਾਤ ਦੀ ਵਿਦਿਆਰਥਣ ਸਾਵੀ ਗੁਪਤਾ ਨੇ "ਵੇਦ, ਮਨੁੱਖਤਾ ਦੇ ਸੱਚੇ ਮਾਰਗਦਰਸ਼ਕ" ਵਿਸ਼ੇ 'ਤੇ ਆਪਣੀ ਪੇਸ਼ਕਾਰੀ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਇਨ੍ਹਾਂ ਭਾਗੀਦਾਰਾਂ ਦੇ ਵਿਸ਼ਿਆਂ ਨੇ ਆਦਰਸ਼ ਜੀਵਨ, ਨਿਰਸਵਾਰਥ ਭਾਵਨਾ, ਵੇਦਾਂ ਦੀ ਸਦੀਵੀ ਉਪਯੋਗਤਾ ਅਤੇ ਮਨੁੱਖੀ ਜੀਵਨ ਵਿੱਚ ਉਨ੍ਹਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ। ਸਕੂਲ ਦੇ ਪ੍ਰਿੰਸੀਪਲ ਸ਼੍ਰੀ ਪਵਨ ਸੂਦ ਨੇ ਜੇਤੂ ਭਾਗੀਦਾਰਾਂ ਅਤੇ ਹਿੰਦੀ ਵਿਭਾਗ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਵੈਦਿਕ ਗਿਆਨ ਨਾ ਸਿਰਫ਼ ਇੱਕ ਪ੍ਰਾਚੀਨ ਵਿਰ-ਾਸਤ ਹੈ ਬਲਕਿ ਆਧੁਨਿਕ ਜੀਵਨ ਲਈ ਰੌਸ਼ਨੀ ਦਾ ਇੱਕ ਚਾਨਣ ਵੀ ਹੈ। ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ, ਉਨ੍ਹਾਂ ਵਿਦਿਆਰਥੀਆਂ ਨੂੰ ਹਮੇਸ਼ਾਂ ਸੱਚ, ਅਨੁਸ਼ਾਸਨ, ਸਖ਼ਤ ਮਿਹਨਤ ਅਤੇ ਕਦਰਾਂ-ਕੀਮਤਾਂ ਦੇ ਮਾਰਗ 'ਤੇ ਚੱਲਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਦਿਆਰਥੀਆਂ ਨੂੰ ਲਗਾਤਾਰ ਗਿਆਨ ਪ੍ਰਾਪਤ ਕਰਨ ਅਤੇ ਆਤਮ-ਵਿਸ਼ਵਾਸ ਪੈਦਾ ਕਰਨ ਲਈ ਅਜਿਹੇ ਜਾਣਕਾਰੀ ਭਰਪੂਰ ਅਤੇ ਪ੍ਰੇਰਨਾਦਾਇਕ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ।

# ਬੀ.ਸੀ.ਐਮ. ਸਕੂਲ ਵਿਖੇ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ

**ਲੁਧਿਆਣਾ 26 ਜੁਲਾਈ (ਕਰਨੈਲ ਸਿੰਘ ਐੱਮ. ਏ.)** ਅਕਾਦਮਿਕ ਸਾਲ ਲਈ ਨਵੀਂ ਵਿਦਿਆਰਥੀ ਪ੍ਰੀਸ਼ਦ ਵੱਲੋਂ ਸਮਾਰੋਹ ਬੀ.ਸੀ.ਐਮ.ਸਕੂਲ, ਬਸੰਤ ਐਵੇਨਿਊ, ਦੁੱਗਰੀ ਰੋਡ, ਲੁਧਿਆਣਾ ਵਿਖੇ ਬਹੁਤ ਉਤਸ਼ਾਹ ਅਤੇ ਮਾਣ ਨਾਲ ਆਯੋਜਿਤ ਕੀਤਾ ਗਿਆ। ਐਸਐਮਸੀ ਦੇ ਪ੍ਰਧਾਨ ਸ਼੍ਰੀ ਸੁਰੇਸ਼ ਮੁੰਜਾਲ, ਸ਼੍ਰੀਮਤੀ ਰਮਾ ਮੁੰਜਾਲ, ਸਕੂਲ ਸਿੱਖਿਆ ਨਿਰਦੇਸ਼ਕ ਸ਼੍ਰੀ ਅਮਿਤਾਭ ਘੋਸ਼ ਅਤੇ ਮੁੱਖ ਮਹਿਮਾਨ ਡਾ: ਸ਼ਿੱਬਾ ਟੱਕਰ ਛਾਬੜਾ (ਐਮ.ਡੀ ਕਾਰਡੀਓਲੋਜੀ, ਡੀ.ਐਮ.ਸੀ. ਲੁਧਿਆਣਾ) ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਸਨ। ਪ੍ਰੋਗਰਾਮ ਦੀ ਸ਼ੁਰੂਆਤ ਦੀਵਾ ਜਗਾਉਣ ਨਾਲ ਹੋਈ। ਇਸ ਤੋਂ ਬਾਅਦ, ਮੁੱਖ ਮਹਿਮਾਨ ਨੂੰ ਵਾਤਾਵਰਣ ਸੁਰੱਖਿਆ ਦਾ ਸੰਦੇਸ਼ ਦਿੰਦੇ ਹੋਏ ਇੱਕ ਹਰਾ ਪੌਦਾ ਭੇਟ ਕੀਤਾ ਗਿਆ। ਸਵਾਗਤੀ ਤੋਹਫ਼ੇ ਵਜੋਂ ਪੇਸ਼ ਕੀਤੀ ਗਈ ਗਣੇਸ਼ ਵੰਦਨਾ ਨੇ ਸਾਰਿਆਂ ਨੂੰ ਮੋਹਿਤ ਕਰ ਦਿੱਤਾ।ਪ੍ਰਿੰਸੀਪਲ ਡਾ: ਵੰਦਨਾ ਸ਼ਾਹੀ ਨੇ ਵਿਦਿਆਰਥੀਆਂ ਨੂੰ ਇਮਾਨਦਾਰੀ, ਜ਼ਿੰਮੇਵਾਰੀ ਅਤੇ ਚੰਗੀ ਅਗਵਾਈ ਦਾ ਸੰਦੇਸ਼ ਦਿੱਤਾ। ਇਸ ਤੋਂ ਬਾਅਦ, ਨਵੇਂ ਵਿਦਿਆਰਥੀ ਪ੍ਰੀਸ਼ਦ ਮੈਂਬਰਾਂ ਨੂੰ ਬੈਜ ਅਤੇ ਸੈਸ਼ ਭੇਟ ਕੀਤੇ ਗਏ, ਅਤੇ ਉਨ੍ਹਾਂ ਦੇ ਅਹੁਦੇ ਸੌਂਪੇ ਗਏ। ਸਾਰੇ ਮੈਂਬਰਾਂ ਨੇ ਵਫ਼ਾਦਾਰੀ ਅਤੇ



ਇਮਾਨਦਾਰੀ ਨਾਲ ਆਪਣੇ ਫਰਜ਼ ਨਿਭਾਉਣ ਦੀ ਸਹੁੰ ਚੁੱਕੀ। ਸਕੂਲ ਦੇ ਕੈਪਟਨ ਅਗਮ ਮੈਨੀ ਅਤੇ ਪ੍ਰਿਆ ਅਰੋੜਾ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਨਵੇਂ ਸੈਸ਼ਨ ਲਈ ਆਪਣੇ ਟੀਚਿਆਂ ਦੀ ਰੂਪ-ਰੇਖਾ ਤਿਆਰ ਕੀਤੀ। ਇਸ ਮੌਕੇ ਵਿਦਿਆਰਥੀ ਪ੍ਰੀਸ਼ਦ ਦਾ ਸੰਵਿਧਾਨ ਵੀ ਜਾਰੀ ਕੀਤਾ ਗਿਆ। ਸ਼੍ਰੀ ਸੁਰੇਸ਼ ਮੁੰਜਾਲ ਅਤੇ ਸ਼੍ਰੀ ਅਮਿਤਾਭ ਘੋਸ਼ ਨੇ ਵਿਦਿਆਰਥੀਆਂ ਨੂੰ ਪ੍ਰੇਰਨਾਦਾਇਕ ਸੰਦੇਸ਼ ਦਿੱਤੇ। ਸਕੂਲ ਦੀ ਸਾਬਕਾ ਵਿਦਿਆਰਥੀ ਪਾਰੁਲ ਸਿੰਗਲਾ ਨੂੰ ਉਨ੍ਹਾਂ ਦੀਆਂ ਅਕਾਦਮਿਕ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ। ਸ਼ਾਲੀਮਾਰ ਹਾਊਸ ਨੂੰ ਬੈਸਟ ਹਾਊਸ ਟਰਾਫੀ ਦਿੱਤੀ ਗਈ। ਮੁੱਖ ਮਹਿਮਾਨ ਡਾ: ਸ਼ਿੱਬਾ ਟੱਕਰ ਛਾਬੜਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੱਚੀ ਲੀਡਰਸ਼ਿਪ ਕੁਰਬਾਨੀ, ਨਿਮਰਤਾ ਅਤੇ ਨਿਰਸਵਾਰਥ ਸੇਵਾ 'ਤੇ ਬਣੀ ਹੁੰਦੀ ਹੈ।ਪ੍ਰੋਗਰਾਮ ਦਾ ਸਮਾਪਨ ਸਾਰਿਆਂ ਨੇ ਮਿਲ ਕੇ ਰਾਸ਼ਟਰੀ ਗੀਤ ਗਾਇਆ।

# ਫੋਰਟਿਸ ਹਸਪਤਾਲ ਲੁਧਿਆਣਾ ਵੱਲੋਂ ਵਿਸ਼ੇਸ਼ ਗੋਡਾ ਜਾਂਚ ਕੈਂਪ ਦਾ ਸਫਲ ਆਯੋਜਨ

**ਲੁਧਿਆਣਾ 26 ਜੁਲਾਈ (ਕਰਨੈਲ ਸਿੰਘ ਐੱਮ.ਏ)** ਲੋਕਾਂ ਵਿੱਚ ਹੱਡੀਆਂ ਅਤੇ ਜੋੜਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਫੋਰਟਿਸ ਹਸਪਤਾਲ, ਮਾਲ ਰੋਡ, ਲੁਧਿਆਣਾ ਵੱਲੋਂ ਅੱਜ ਵਿਸ਼ੇਸ਼ ਗੋਡਾ ਜਾਂਚ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ, ਖਾਸ ਕਰਕੇ ਸੀਨੀਅਰ ਸਿਟੀਜ਼ਨ ਅਤੇ ਲੰਬੇ ਸਮੇਂ ਤੋਂ ਗੋਡਿਆਂ ਦੇ ਦਰਦ, ਜਕੜਨ ਅਤੇ ਤੁਰਨ-ਫਿਰਨ ਵਿੱਚ ਮੁਸ਼ਕਲ ਮਹਿਸੂਸ ਕਰਨ ਵਾਲੇ ਮਰੀਜ਼ਾਂ ਨੇ ਭਾਗ ਲਿਆ। ਇਸ ਕੈਂਪ ਦੀ ਅਗਵਾਈ ਡਾ: ਸੰਜੀਵ ਮਹਾਜਨ, ਸੀਨੀਅਰ ਡਾਇਰੈਕਟਰ - ਆਰਥੋਪੀਡਿਕਸ, ਰੋਬੋਟਿਕ ਜੋਇੰਟ ਰੀਪਲੇਸਮੈਂਟ ਅਤੇ ਸਪੋਰਟਸ ਮੈਡੀਸਨ ਨੇ ਕੀਤੀ। ਉਨ੍ਹਾਂ ਨੇ ਮਰੀਜ਼ਾਂ ਦੀ ਜਾਂਚ ਕਰਕੇ ਗੋਡਿਆਂ ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਸਲਾਹ ਦਿੱਤੀ ਅਤੇ ਸਮੇਂ ਸਿਰ ਇਲਾਜ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਕੈਂਪ ਦੌਰਾਨ ਮਰੀਜ਼ਾਂ ਨੂੰ ਆਰਥੋਪੀਡਿਕ ਮਾਹਿਰ ਨਾਲ ਸਲਾਹ ਲੋੜ ਅਨੁਸਾਰ ਡਿਜ਼ੀਟਲ ਐਕਸ-ਰੇ, ਬਲੱਡ ਪ੍ਰੈਸ਼ਰ ਅਤੇ ਬਲੱਡ ਸ਼ੂਗਰ ਦੀ ਜਾਂਚ ਕੀਤੀ ਗਈ ਇਸ ਮੌਕੇ ਡਾ: ਸੰਜੀਵ ਮਹਾਜਨ ਨੇ ਕਿਹਾ ਗੋਡਿਆਂ ਦਾ ਦਰਦ ਅੱਜ ਕੱਲ੍ਹ ਇੱਕ ਆਮ ਸਮੱਸਿਆ ਬਣ ਚੁੱਕੀ ਹੈ, ਖਾਸ ਕਰਕੇ ਵਧਦੀ ਉਮਰ ਦੇ ਲੋਕਾਂ ਵਿੱਚ। ਜੇਕਰ ਸਮੇਂ ਸਿਰ ਸਹੀ ਜਾਂਚ ਅਤੇ ਇਲਾਜ ਕਰਵਾ ਲਿਆ ਜਾਵੇ ਤਾਂ ਬਹੁਤ ਸਾਰੇ ਮਰੀਜ਼ਾਂ ਨੂੰ ਵੱਡੀ ਸਰਜਰੀ ਤੋਂ ਬਿਨਾਂ ਹੀ ਆਰਾਮ ਮਿਲ ਸਕਦਾ ਹੈ। ਜਿਨ੍ਹਾਂ ਮਰੀਜ਼ਾਂ ਨੂੰ ਜੋਇੰਟ ਰੀਪਲੇਸਮੈਂਟ ਦੀ ਲੋੜ ਹੁੰਦੀ ਹੈ, ਉਨ੍ਹਾਂ ਲਈ ਰੋਬੋਟਿਕ ਤਕਨਾਲੋਜੀ ਵਧੇਰੇ ਸਟੀਕ, ਸੁਰੱਖਿਅਤ ਅਤੇ ਬਿਹਤਰ ਨਤੀਜੇ ਦਿੰਦੀ ਹੈ। ਸਮੇਂ ਸਿਰ ਇਲਾਜ ਅਤੇ ਜਾਗਰੂਕਤਾ ਹੀ ਚੰਗੀ ਜ਼ਿੰਦਗੀ ਦੀ ਕੁੰਜੀ ਹੈ।" ਕੈਂਪ ਦੌਰਾਨ ਲੋਕਾਂ ਨੂੰ ਓਸਟਿਓਆਰਥਰਾਈਟਿਸ, ਖੇਡਾਂ ਦੌਰਾਨ ਹੋਣ ਵਾਲੀਆਂ ਸੱਟਾਂ, ਮੋਟਾਪੇ ਕਾਰਨ ਜੋੜਾਂ 'ਤੇ ਪੈਣ ਵਾਲੇ ਪ੍ਰਭਾਵ ਅਤੇ ਨਿਯਮਿਤ ਕਸਰਤ, ਸੰਤੁਲਿਤ ਵਜ਼ਨ ਅਤੇ ਸਮੇਂ ਸਿਰ ਡਾਕਟਰੀ ਸਲਾਹ ਲੈਣ ਦੀ ਮਹੱਤਤਾ ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਦੇ ਨਾਲ ਹੀ ਹਸਪਤਾਲ ਵੱਲੋਂ ਰੋਬੋਟਿਕ-ਸਹਾਇਤਾ ਪ੍ਰਾਪਤ ਗੋਡਾ ਬਦਲਣ ਦੀ ਸਰਜਰੀ ਦੀਆਂ ਆਧੁਨਿਕ ਤਕਨੀਕਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ, ਜੋ ਵਧੇਰੇ ਸਟੀਕਤਾ, ਤੇਜ਼ ਸਿਹਤਯਾਬੀ ਅਤੇ ਲੰਬੇ ਸਮੇਂ ਤੱਕ ਬਿਹਤਰ ਨਤੀਜੇ ਯਕੀਨੀ ਬਣਾਉਂਦੀਆਂ ਹਨ। ਫੋਰਟਿਸ ਹਸਪਤਾਲ ਲੁਧਿਆਣਾ ਨੇ ਕੈਂਪ ਵਿੱਚ ਸ਼ਾਮਲ ਹੋਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਭਲਾਈ ਅਤੇ ਸਿਹਤ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ।

# ਜੋਨ ਭਵਾਨੀਗੜ੍ਹ ਦੀਆਂ ਖੇਡਾਂ ਦਾ ਕੀਤਾ ਗਿਆ ਰਸਮੀ ਉਦਘਾਟਨ

**(ਸਮਾਜ ਵੀਕਲੀ):** 'ਸੰਦੀਪ ਸਿੰਘ ਬਖੋਪੀਰ' ਜੋਨ ਸਕੱਤਰ ਜਗਤਾਰ ਸਿੰਘ ਤੇ ਕਾਰਜਕਾਰੀ ਜੋਨ ਇੰਚਾਰਜ਼ ਨਵਕਿਰਨ ਸਿੰਘ ਘੱਟੜਾ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ 22-07-2026 ਨੂੰ ਭਵਾਨੀਗੜ੍ਹ ਜੋਨ ਦੀਆਂ,ਜੋਨ ਪੱਧਰੀ ਖੇਡਾਂ ਦਾ ਸੰਸਕਾਰ ਵੈਲੀ ਸਕੂਲ ਭਵਾਨੀਗੜ੍ਹ ਤੋਂ ਰਸਮੀਂ ਤੌਰ ਤੇ ਉਦਘਾਟਨ ਕੀਤਾ ਗਿਆ ਜਿਸ ਦੇ ਮੁੱਖ ਮਹਿਮਾਨ ਜੋਨਲ ਪ੍ਰਬੰਧਕ ਤੇ ਨਿਗਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭਵਾਨੀਗੜ੍ਹ ਦੇ ਪ੍ਰਿੰਸੀਪਲ ਸਰਦਾਰ ਹਰਜਿੰਦਰ ਸਿੰਘ ਜੀ ਨੇ ਆਪਣੇ ਮੁਬਾਰਕ ਸ਼ਬਦਾਂ ਨਾਲ਼ ਵੱਖ-ਵੱਖ ਸਕੂਲਾਂ ਤੋਂ ਆਏ ਡੀ.ਪੀ ਅਧਿਆਪਕ ਸਾਹਿਬਾਨਾਂ ਅਤੇ ਖਿਡਾਰੀਆਂ ਨੂੰ ਸੰਬੋਧਨ ਕਰਕੇ ਕੀਤਾ, ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੇ ਕਿਹਾ, ਕਿ "ਵਿਦਿਆਰਥੀ ਦੇ ਸਰਪੱਖੀ ਵਿਕਾਸ ਲਈ ਖੇਡਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਖੇਡਾਂ ਜਿੱਥੇ ਸਾਡਾ ਸਰੀਰਕ ਵਿਕਾਸ ਕਰਦੀਆਂ ਹਨ, ਉਥੇ ਹੀ ਮਾਨਸਿਕ ਵਿਕਾਸ ਵੀ ਕਰਦੀਆਂ ਹਨ, ਖੇਡਾਂ ਨਾਲ ਅਸੀਂ ਇੱਕ ਮਜ਼ਬੂਤ ਸਮਾਜ ਦੀ ਸਿਰ-



ਜਣਾ ਕਰ ਸਕਦੇ ਹਾਂ, ਖਿਡਾਰੀਆਂ ਨੂੰ ਉਹਨਾਂ ਨੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਖੇਡਾਂ ਦੇ ਰਸਤੇ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਅਤੇ ਸਮੂਹ ਡੀ.ਪੀ ਅਧਿਆਪਕਾਂ ਨੂੰ ਉਨ੍ਹਾਂ ਵੱਲੋਂ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵਾਲੇ ਚੰਗੇ ਪਾਸੇ ਤੋਰਨ ਲਈ ਸਲਾਹਿਆ ਗਿਆ, ਮੁੱਖ ਮਹਿਮਾਨ ਜੀ ਵੱਲੋਂ ਸੰਸਕਾਰ ਵੈਲੀ ਸਕੂਲ ਦੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਤੋਂ ਬਾਅਦ ਸੱਤਿਆ ਭਾਰਤੀ ਸਕੂਲ ਝਨੇੜੀ ਵਿਖੇ ਵੀ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ ਗਿਆ ਅਤੇ ਯਾਦਗਾਰ ਫੋਟੋ ਕਰਵਾਈ ਗਈ ਇਥੋਂ ਦੇ ਡੀ.ਪੀ ਅਧਿਆਪਕ ਹਰਦੀਪ ਸਿੰਘ, ਸਤਪਾਲ ਸਿੰਘ, ਜਗਜੀਤ ਸਿੰਘ, ਤੇ ਸਮੁੱਚੀ ਮਨੇਜਮੈਂਟ ਨੇ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ,




ਸਰਦਾਰ ਹਰਜਿੰਦਰ ਸਿੰਘ ਜੀ ਦੇ ਨਾਲ ਰਸ਼ਪਾਲ ਸਿੰਘ ਡੀ.ਪੀ ਅਧਿਆਪਕ ਨਦਾਮ-ਪੁਰ, ਜਤਿੰਦਰ ਸਿੰਘ ਡੀ ਪੀ ਅਧਿਆਪਕ ਝਨੇੜੀ, ਲੈਕਚਰਾਰ ਫਿਜ਼ੀਕਲ ਐਜੂਕੇਸ਼ਨ ਨਵਕਿਰਨ ਘੱਟੜਾ ਸਰਕਾਰੀ ਸਮਾਰਟ ਸਕੂਲ ਬਖੋਪੀਰ,ਸਲੀਮ ਮੁਹੰਮਦ ਸਰ, ਅਮਰਜੋਤ ਜੋਸ਼ੀ ਸਰ ਆਦਰਸ਼ ਸੱਤਿਆ ਭਾਰਤੀ ਸਕੂਲ ਬਾਲਦ, ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਸਨ। ਮੌਕੇ ਉੱਤੇ ਸੁਖਜਿੰਦਰ ਸਿੰਘ, ਮੈਡਮ ਪਰਮਜੀਤ ਕੌਰ,ਪਰਦੀਪ ਕੌਰ, ਕਮਲਪ੍ਰੀਤ ਕੌਰ,ਸੰਦੀਪ ਸਿੰਘ,ਰਾਜਪਾਲ ਸਿੰਘ ,ਗੁਰਦੀਪ ਸਿੰਘ,ਅਵਤਾਰ ਸਿੰਘ ਤਾਰੀ, ਮੌਜੂਦ ਸਨ।

# ਬਰਨਾਲਾ 'ਚ ਸਫਾਈ ਸੇਵਕਾਂ 'ਤੇ ਲਾਠੀਚਾਰਜ ਲੋਕਤੰਤਰ 'ਤੇ ਕਾਲਾ ਧੱਬਾ, ਸਰਕਾਰ ਨੇ ਆਪਣਾ ਅਸਲੀ ਚਿਹਰਾ ਦਿਖਾਇਆ:- ਸੰਦੀਪ ਭਾਟੀਆ (ਸੋਨੂੰ) ਆਦੋਆਨਾ

## ਦਿੱਲੀ 'ਚ ਵਿਦਿਆਰਥੀਆਂ ਨੂੰ ਭੜਕਾਉਣ ਵਾਲੇ 'ਆਪ' ਆਗੂ ਪੰਜਾਬ ਦੇ ਪੇਪਰ ਲੀਕ ਮਾਮਲੇ 'ਚ ਕਿਉ ਚੁੱਪ ਹਨ: ਭਾਜਪਾ ਆਗੂ

**ਬਲਾਚੌਰ 26 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ** ) ਸੀਨੀਅਰ ਭਾਜਪਾ ਆਗੂ ਸੰਦੀਪ ਭਾਟੀਆ (ਸੋਨੂੰ) ਆਦੋਆਨਾ ਨੇ ਬਰਨਾਲਾ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰ ਰਹੇ ਸਫਾਈ ਸੇਵਕਾਂ 'ਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਗੈਰ-ਮਨੁੱਖੀ ਅਤੇ ਲੋਕਤੰਤਰ ਵਿਰੋਧੀ ਕਾਰਵਾਈ ਕਰਾਰ ਦਿੱਤਾ ਹੈ। ਸੋਨੂੰ ਭਾਟੀਆ ਨੇ ਕਿਹਾ ਕਿ ਇਹ ਕਾਰਵਾਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਸ਼ਹਿ 'ਤੇ ਕੀਤੀ ਗਈ ਹੈ, ਜਿਸ ਨਾਲ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਇੱਕ ਵਾਰ ਫਿਰ ਬੇਨਕਾਬ ਹੋਇਆ ਹੈ। ਸੋਨੂੰ ਭਾਟੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਸਲ ਵਿੱਚ ਕੁਝ ਖਾਸ ਸੱਤਾ ਦੇ ਲਾਲਚੀ ਲੋਕਾਂ ਦਾ ਟੋਲਾ ਬਣ ਕੇ ਰਹਿ ਗਈ ਹੈ, ਜਿਸ ਨੂੰ ਲੋਕਾਂ ਦੀਆਂ ਸਮੱਸਿਆਵਾਂ ਜਾਂ ਹੱਕਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਦੋਸ਼ ਲਗਾਇਆ ਕਿ ਜਦੋਂ ਵੀ ਕੋਈ ਵਰਗ ਆਪਣੇ ਹੱਕਾਂ ਲਈ ਸ਼ਾਂਤਮਈ ਢੰਗ ਨਾਲ ਆਵਾਜ਼ ਉਠਾਉਂਦਾ ਹੈ ਤਾਂ ਪੰਜਾਬ ਸਰਕਾਰ ਉਸ ਦੀ ਆਵਾਜ਼ ਨੂੰ ਡੰਡੇ ਦੇ ਜ਼ੋਰ 'ਤੇ ਦਬਾਉਣ ਦੀ



ਕੋਸ਼ਿਸ਼ ਕਰਦੀ ਹੈ। ਸੋਨੂੰ ਭਾਟੀਆ ਕਿਹਾ ਕਿ ਪੰਜਾਬ ਦੇ ਲੋਕ ਹੁਣ 'ਆਪ' ਸਰਕਾਰ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀਆਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਅਤੇ ਆਉਣ ਵਾਲੀਆਂ ਪੰਜਾਬ ਵਿਧਾਨਸਭਾ ਚੋਣਾਂ ਸਮੇਂ ਇਸ ਦਾ ਜਵਾਬ ਜ਼ਰੂਰ ਦੇਣਗੇ। ਸੋਨੂੰ ਭਾਟੀਆ ਇਹ ਵੀ ਕਿਹਾ ਕਿ ਦਿੱਲੀ ਵਿੱਚ ਵਿਦਿਆਰਥੀਆਂ ਨੂੰ ਹਿੰਸਾ ਲਈ ਭੜਕਾਉਣ ਵਿੱਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਬਰਾਬਰ ਦਾ ਹੱਥ ਹੈ ਅਤੇ ਦੋਵੇਂ ਪਾਰਟੀਆਂ ਸਿਆਸੀ ਲਾਭ ਲਈ ਨੌਜਵਾਨਾਂ ਨੂੰ ਗੁੰਮਰਾਹ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਸੋਨੂੰ ਭਾਟੀਆ ਕਿਹਾ ਕਿ ਫਰੀਦਕੋਟ ਸਥਿਤ ਬਾਬਾ ਫਰੀਦ ਯੂਨੀਵਰਸਿਟੀ ਦੇ ਪੇਪਰ ਲੀਕ ਮਾਮਲੇ ਨਾਲ ਸੂਬੇ ਦੀ ਸਿੱਖਿਆ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੋਏ ਹਨ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਨਾ ਤਾਂ ਆਮ ਆਦਮੀ ਪਾਰਟੀ ਦੇ ਕ ਨ ਵ ੀ ਨ ਰ ਅ ਰ ਿ ਵ ੰ ਦ ਕੇਜਰੀਵਾਲ ਇਸ ਮਾਮਲੇ 'ਤੇ ਕੁਝ ਬੋਲ ਰਹੇ ਹਨ ਅਤੇ ਨਾ ਹੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦੋਸ਼ੀਆਂ ਖ਼ਿਲਾਫ਼ ਕੋਈ ਸਖ਼ਤ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਮੰਗ ਕੀਤੀ ਕਿ ਪੇਪਰ ਲੀਕ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਜੋ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਕੋਈ ਰਹਿਮ ਨਾ ਮਿਲੇ। ਸੋਨੂੰ ਭਾਟੀਆ ਨੇ ਕਿਹਾ ਕਿ ਪੰਜਾਬ ਨੂੰ ਬਦਲੇ ਦੀ ਰਾਜਨੀਤੀ ਨਹੀਂ, ਸਗੋਂ ਸੁਸ਼ਾਸਨ, ਪਾਰਦਰਸ਼ਤਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਲੋੜ ਹੈ। ਸਰਕਾਰ ਨੂੰ ਵਿਰੋਧ ਦੀ ਆਵਾਜ਼ ਨੂੰ ਦਬਾਉਣ ਦੀ ਬਜਾਏ ਲੋਕਾਂ ਦੀਆਂ ਜਾਇਜ਼ ਮੰਗਾਂ ਸੁਣ ਕੇ ਉਨ੍ਹਾਂ ਦਾ ਹੱਲ ਕਰਨਾ ਚਾਹੀਦਾ ਹੈ।

# ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੀ ਮੀਟਿੰਗ ਦੌਰਾਨ ਮਹਾਨ ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮਾਂ ਸਬੰਧੀ ਅਹਿਮ ਵਿਚਾਰਾਂ

## ਗਿਆਨੀ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਵੱਲੋਂ ਸੰਗਤਾਂ ਨੂੰ ਗੁਰਮਤਿ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਕਰਨ ਦੀ ਅਪੀਲ

**ਨਵਾਂਸ਼ਹਿਰ 26 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ** ) ਹਰ ਸਾਲ ਦੀ ਤਰ੍ਹਾਂ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਕਰਵਾਏ ਜਾਂਦੇ ਮਹਾਨ ਕੀਰਤਨ ਦਰਬਾਰ ਅਤੇ ਅਲੱਗ ਅਲੱਗ ਪਿੰਡਾਂ ਵਿੱਚ ਗੁਰਮਤਿ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਦੇ ਦਫਤਰ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਸੁਸਾਇਟੀ ਦੇ ਮੁੱਖ ਸਰਪ੍ਰਸਤ ਅਤੇ ਮਹਾਨ ਵਿਦਵਾਨ ਗਿਆਨੀ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਵੱਲੋਂ ਕੀਤੀ ਗਈ। ਮੀਟਿੰਗ ਦੌਰਾਨ ਇਸ ਸਾਲ ਕਰਵਾਏ ਜਾਣ ਵਾਲੇ ਅੱਠਵੇਂ ਮਹਾਨ ਕੀਰਤਨ ਦਰਬਾਰ ਦੀਆਂ ਤਿਆਰੀਆਂ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਹ ਕੀਰਤਨ ਦਰਬਾਰ 14, 15 ਅਤੇ 16 ਨਵੰਬਰ ਨੂੰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਦੀ ਗਰਾਊਂਡ ਵਿਖੇ ਕਰਵਾਏ ਜਾਣੇ ਹਨ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜਥੇ ਅਤੇ ਕਥਾਵਾਚਕ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ। ਇਹਨਾਂ ਬੁਲਾਰਿਆਂ ਨਾਲ ਸੰਪਰਕ ਸਾਧਿਆ ਜਾ ਰਿਹਾ ਹੈ ਅਤੇ ਇਸ ਸਬੰਧੀ ਵਿਸਤ੍ਰਿਤ ਜਾਣਕਾਰੀ ਆਉਣ ਵਾਲੇ ਕੁਝ ਦਿਨਾਂ ਵਿੱਚ ਸੰਗਤਾਂ ਨਾਲ ਸਾਂਝੀ ਕੀਤੀ ਜਾਵੇਗੀ । ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 557 ਸਾਲਾ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ 20 ਦੇ ਕਰੀਬ ਗੁਰਮਤਿ ਸਮਾਗਮ ਜਿਲਾ ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ ਅਤੇ ਮਾਛੀਵਾੜਾ ਏਰੀਏ ਵਿੱਚ ਕਰਵਾਏ ਜਾਣ ਦੇ ਪ੍ਰੋਗਰਾਮ ਨੂੰ ਵੀ ਇਸ ਮੀਟਿੰਗ ਦੌਰਾਨ ਅੰਤਿਮ ਰੂਪ ਦਿੱਤਾ ਗਿਆ। ਸਮਾਗਮ ਲਈ ਸੁਨਿਸ਼ਚਿਤ ਕੀਤੇ ਗਏ ਪਿੰਡਾਂ ਸ਼ਹਿਰਾਂ ਅਤੇ ਇਹਨਾਂ ਸਮਾਗਮ ਵਿੱਚ ਹਾਜਰੀ ਭਰਨ ਵਾਲੇ ਬੁਲਾਰਿਆਂ ਦੀ ਲਿਸਟ ਵੀ ਕੁਝ ਹੀ ਦਿਨਾਂ ਵਿੱਚ ਜਾਰੀ ਕਰ ਦਿੱਤੀ ਜਾਵੇਗੀ। ਹਰ ਸਾਲ ਦੀ ਤਰ੍ਹਾਂ ਸੰਗਤਾਂ ਦੀ ਇਹਨਾਂ ਸਮਾਗਮਾਂ ਵਿੱਚ ਸ਼ਮੂਲੀਅਤ ਕਰਾਉਣ ਲਈ ਬੱਸਾਂ ਅਤੇ ਹੋਰ ਯਾਤਾਯਾਤ ਦੇ ਸਾਧਨਾਂ ਦਾ ਪ੍ਰਬੰਧ ਕਰਨ ਬਾਰੇ ਵੀ ਮੀਟਿੰਗ ਦੌਰਾਨ ਚਰਚਾ ਕੀਤੀ ਗਈ ਤਾਂ ਕਿ ਵੱਧ ਤੋਂ ਵੱਧ ਸੰਗਤਾਂ ਇਹਨਾਂ ਸਮਾਗਮਾਂ ਦੌਰਾਨ ਗੁਰਮਤਿ ਪ੍ਰਚਾਰ ਦਾ ਲਾਹਾ ਲੈ



ਸਕਣ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਉਹ ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਪਿੰਦਰਪਾਲ ਸਿੰਘ ਜੀ, ਭਾਈ ਹਰਪਾਲ ਸਿੰਘ ਜੀ ਫਤਿਹਗੜ੍ਹ ਸਾਹਿਬ ਵਾਲੇ, ਪੰਥ ਦੇ ਮਹਾਨ ਕੀਰਤਨੀਏ ਭਾਈ ਅਨੰਤ ਵੀਰ ਸਿੰਘ ਜੀ, ਭਾਈ ਚਰਨਜੀਤ ਸਿੰਘ ਜੀ ਹੀਰਾ ਭਾਈ ਸਿਮਰਨਜੀਤ ਸਿੰਘ ਜੀ ਯੂ ਐਸ ਏ (ਸਪੁੱਤਰ ਗੁਰਪੁਰਵਾਸੀ ਭਾਈ ਇੰਦਰਜੀਤ ਸਿੰਘ ਜੀ ਬੰਬੇ ਵਾਲੇ), ਭਾਈ ਤਰਨਵੀਰ ਸਿੰਘ ਰੱਬੀ ਤੋਂ ਇਲਾਵਾ ਪੰਥ ਦੇ ਨਾਮੀ ਕੀਰਤਨੀ ਜਥੇ ਅਤੇ ਵਿਦਵਾਨ ਕਥਾ ਵਾਚਕਾਂ ਨਾਲ ਵੀ ਸੰਪਰਕ ਵਿਚ ਸਨ। ਇਹਨਾਂ ਸਮਾਗਮਾਂ ਦੌਰਾਨ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਮਿਲ ਕੇ ਇੱਕ ਦਿਨ ਦੇ ਆਤਮ ਰਸ ਕੀਰਤਨ ਦਰਬਾਰ ਕਰਵਾਉਣ ਸਬੰਧੀ ਵੀ ਮੀਟਿੰਗ ਵਿੱਚ ਵਿਚਾਰਾ ਕੀਤੀਆਂ ਗਈਆਂ। ਸੋਸਾਇਟੀ ਦੇ ਮੁੱਖ ਸਰਪ੍ਰਸਤ ਗਿਆਨੀ ਸਰਬਜੀਤ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਰਵਾਏ ਜਾ ਰਹੇ ਮਹਾਨ ਕੀਰਤਨ ਦਰਬਾਰ ਅਤੇ ਗੁਰ-ਮਤਿ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਅਤੇ ਸ਼ਮੂਲੀਅਤ ਕਰਨ।

ਮੀਟਿੰਗ ਦੌਰਾਨ ਸੋਸਾਇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵਿੱਚ ਉੱਤਮ ਸਿੰਘ ਸੇਠੀ, ਦੀਦਾਰ ਸਿੰਘ ਗਹੂੰਣ, ਜਗਜੀਤ ਸਿੰਘ ਸੈਣੀ, ਜਗਦੀਪ ਸਿੰਘ, ਪਰਮਿੰਦਰ ਸਿੰਘ ਕੰਵਲ, ਭਾਈ ਤਰਲੋਚਨ ਸਿੰਘ ਖਟਕੜ ਕਲਾਂ, ਭਾਈ ਕੁਲਵਿੰਦਰ ਸਿੰਘ ਸੁੱਧਾ ਮਾਜਰਾ ਇੰਦਰਜੀਤ ਸਿੰਘ ਬਾਹੜਾ, ਜਗਜੀਤ ਸਿੰਘ ਬਾਟਾ, ਪਲਵਿੰਦਰ ਸਿੰਘ ਕਰਿਆਮ, ਜਸਵਿੰਦਰ ਸਿੰਘ ਸੈਣੀ, ਮਹਿੰਦਰ ਪਾਲ ਚੰਦਰ ਪ੍ਰਧਾਨ, ਕੁਲਜੀਤ ਸਿੰਘ ਖਾਲਸਾ, ਗਿਆਨ ਸਿੰਘ, ਰਾਜਵੀਰ ਸਿੰਘ ਬੈਂਸ, ਬਲਦੇਵ ਸਿੰਘ ਯੂਕੋ ਬੈਂਕ, ਦਲਜੀਤ ਸਿੰਘ ਕਰੀਹਾ, ਹਰਦੀਪ ਸਿੰਘ ਸਰਪੰਚ ਗੜ੍ਹ ਪਧਾਣਾ, ਮਨਮੋਹਨ ਸਿੰਘ ਕੰਵਲ, ਗੁਰ-ਚਰਨ ਸਿੰਘ ਪਾਬਲਾ ਹਰਪਾਲ ਸਿੰਘ ਗਰੇਵਾਲ, ਮਾਸਟਰ ਕੁਲਵਿੰਦਰ ਸਿੰਘ ਭੀਨ, ਡਾ: ਭਗਵਾਨ ਸਿੰਘ, ਭਾਈ ਗੁਰਦੇਵ ਸਿੰਘ ਮੁਬਾਰਕਪੁਰ, ਦਲਜੀਤ ਸਿੰਘ ਬਡਵਾਲ, ਹਰਵਿੰਦਰ ਸਿੰਘ ਹਾਈਵੇ ਟਾਇਰ, ਜਸਕਰਨ ਸਿੰਘ ਹੰਸਰੋਂ, ਸੁੱਚਾ ਸਿੰਘ ਬੀਡੀਸੀ ਕਲੋਨੀ, ਸੋਹਨ ਸਿੰਘ ਉਸਤਾਦ ਅਤੇ ਸੁਰਿੰਦਰ ਸਿੰਘ ਵੀ ਸ਼ਾਮਲ ਸਨ।

# ਏਰੀਆ ਯੂਥ ਅਲਾਇੰਸ ਨੇ ਸੋਭੂਵਾਲ ਵਿਖੇ ਕਰਵਾਈ ਸ਼ਾਨਦਾਰ ਐਥਲੇਟਿਕ ਮੀਟ

**● "ਇਲਾਕੇ ਭਰ ਤੋਂ 500 ਦੇ ਕਰੀਬ ਖਿਡਾਰੀਆਂ ਨੇ ਲਿਆ ਭਾਗ" ● "ਵੱਖ ਵੱਖ ਪਾਰਟੀਆਂ ਦੇ ਆਗੂਆਂ ਤੇ ਪਤਵੰਤਿਆਂ ਨੇ ਵੀ ਦੌੜ 'ਚ ਲਿਆ ਭਾਗ"**





**ਬਲਾਚੌਰ 26 ( ਜਤਿੰਦਰ ਪਾਲ ਸਿੰਘ ਕਲੇਰ )** ਇਲਾਕੇ 'ਚ ਨੌਜਵਾਨਾਂ ਨੂੰ ਪੜ੍ਹਾਈ ਅਤੇ ਖੇਡਾਂ ਨਾ਼ਲ ਜੋੜਨ ਲਈ ਉਪਰਾਲੇ ਕਰ ਰਹੀ ਸੰਸਥਾ "ਏਰੀਆ ਯੂਥ ਅਲਾਇੰਸ" ਵਲੋਂ ਪਿੰਡ ਸੋਭੂਵਾਲ ਵਿਖੇ ਵੱਖ- ਵੱਖ ਉਮਰ ਵਰਗ ਦੇ ਖਿਡਾਰੀਆਂ ਲਈ ਐਥਲੇਟਿਕ ਮੀਟ ਦਾ ਆਯੋਜਨ ਕੀਤਾ ਗਿਆ। ਜਿਸ 'ਚ ਬਲਾਚੌਰ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ 500 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਗੁੱਜਰ ਵੈੱਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ, ਆਪ ਆਗੂ ਅਸ਼ੋਕ ਕਟਾਰੀਆ, ਸਤਨਾਮ ਚੇਚੀ ਜਲਾਲਪੁਰ ਸਾਬਕਾ ਚੇਅਰਮੈਨ, ਕਾਂਗਰਸ ਦੇ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਭਾਜਪਾ ਦੇ ਜਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਕਾਂਗਰਸੀ ਆਗੂ ਜਸਵਿੰਦਰ ਵਿੱਕੀ ਚੌਧਰੀ, 'ਆਪ' ਦੇ ਜ਼ਿਲ੍ਹਾ ਪ੍ਰਧਾਨ ਤੇ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੰਜੀਵ ਚੇਚੀ, ਭਾਜਪਾ ਆਗੂ ਸੰਦੀਪ ਸੋਨੂੰ ਭਾਟੀਆ, ਸਤਨਾਮ ਸਿੰਘ ਰਾਜੂਮਾਜਰਾ (ਸੇਵਾ-ਮੁਕਤ ਡੀ. ਐੱਸ. ਪੀ.) ਚੌਧਰੀ ਰਮਨ ਨੰਦ ਲਾਲ, ਨਾਨਕ ਸਿੰਘ ਜੰਡੀ ਚੈਅਰਮੈਨ ਬਲਾਕ ਸੰਮਤੀ, ਰਵੀਇੰਦਰ ਸਿੰਘ ਬਾਗੋਵਾਲ, ਧਰਮਪਾਲ ਸਾਬਕਾ ਚੇਅਰਮੈਨ, ਡਾ: ਜਸਦੀਪ ਸਿੰਘ, ਜੁਝਾਰ ਸਿੰਘ ਸੇਠੀ ਭਰਥਲਾ ਆਦਿ ਆਗੂਆਂ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦਿਆਂ ਦੌੜਾ ਸ਼ੁਰੂ ਕਰਵਾਈਆਂ ਅਤੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਅੰਡਰ 13 ਸਾਲਾ ਲੜਕੇ 100 ਮੀ: ਦੌੜ 'ਚ ਅਮਰਿੰਦਰ ਸਿੰਘ ਮਾਜਰਾ ਜੱਟਾਂ, ਲਵਪ੍ਰੀਤ ਸਿੰਘ ਗਰਲੋ ਬੇਟ, ਹਰਮਨ ਸਿੰਘ ਰੱਤੇਵਾਲ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ, ਇਸੇ ਤਰਾਂ 100 ਮੀ: ਲੜਕੀਆਂ 'ਚ ਸਾਕਸ਼ੀ, ਅੰਜਲੀ ਤੇ ਕਿਰਨ ਦੇਵੀ, ਲੜਕੇ ਅੰਡਰ 18 ਸਾਲ 400 ਮੀ ਦੌੜ 'ਚ ਸ਼ਿਵਮ ਚੋਹਾਨ ਰਾਜੂਮਾਜਰਾ, ਗੋਰਵ ਬੱਛੂਆਂ, ਨਵਨੀਤ ਖੁਰਦਾ, 400 ਮੀ: ਅੰਡਰ 18 ਸਾਲਾ ਲੜਕੀਆਂ 'ਚ ਹਰਮਨਦੀਪ ਬੇਲਾ ਤਾਜੋਵਾਲ, ਨਿਸ਼ਾ ਅਤੇ ਮਾਧੂਰੀ, 1600 ਮੀ: ਲੜਕਿਆਂ 'ਚ ਵਿਸ਼ਾਲ ਆਸਰੋਂ, ਜਤਿਨ ਬਾਗੋਵਾਲ, ਮਨੀ ਚੌਧਰੀ ਥਾਨਵਾਲਾ, ਅੰਡਰ 18 ਸਾਲਾ ਲੜਕੀਆਂ 800 ਮੀਟਰ ਦੌੜ 'ਚ ਪ੍ਰਿਆ, ਮਹਿਮਾ ਅਤੇ ਸੁੱਖੀ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਖੇਡਾਂ ਨਾ਼ਲ ਜੁੜਨ ਲਈ ਪ੍ਰੇਰਿਤ ਕਰਨ ਵਾਲੇ ਪੋਸਟਰ ਤੇ ਚਾਰਟ ਤਿਆਰ ਕਰਨ ਵਾਲੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਐਥਲੇਟਿਕ ਮੀਟ ਵਿਚ ਪਿੰਡ ਕਰੂਰਾ ਟੱਪਰੀਆਂ (ਨੂਰਪੁਰ ਬੇਦੀ ) ਦੀ 9 ਸਾਲਾ ਬੱਚੀ ਅਨਮੋਲ ਚੌਧਰੀ ਨੇ ਆਪਣੇ ਜ਼ਿੰਮਨਾਸਟਿਕ ਦੇ ਹੈਰਾਨ ਕਰਨ ਵਾਲੇ ਕਰਤੱਵ ਦਿਖਾ ਕੇ ਖ਼ੂਬ ਵਾਹ ਵਾਹ ਖੱਟੀ। ਇਸ ਮੌਕੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ 50 ਸਾਲ ਤੋਂ ਵੱਧ ਉਮਰ ਦੀ ਵਿਅਕਤੀਆਂ ਲਈ ਕਰਵਾਈ ਦੌੜ ਵਿਚ ਸਾਰੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਤੇ ਹੋਰ ਪਤਵੰਤਿਆਂ ਨੇ ਭਾਗ ਲਿਆ ਜਿਸ 'ਚ ਮਾਸਟਰ ਰਾਜ ਭਾਟੀਆ ਆਦੋਆਣਾ ਨੇ ਪਹਿਲਾ ਸਥਾਨ, ਜਨਕ ਉਧਨਵਾਲ ਨੇ ਦੂਜਾ ਅਤੇ ਅਵਤਾਰ ਜੀਤਪੁਰ ਨੇ ਤੀਜਾ ਸਥਾਨ ਹਾਸਲ ਕੀਤਾ। ਸਟੇਜ ਸੰਚਾਲਕ ਦੀ ਭੂਮਿਕਾ ਮਾ: ਰਵਿੰਦਰ ਕਸਾਣਾ ਸੂਰਾਪੁਰੀ ਵਲੋਂ ਬਾਖ਼ੂਬੀ ਨਿਭਾਈ ਗਈ। ਏਰੀਆ ਯੂਥ ਅਲਾਇੰਸ ਦੀ ਟੀਮ ਵਲੋਂ ਪਹੁੰਚੇ ਮਹਿਮਾਨਾਂ, ਦਾਨੀ ਸੱਜਣਾ ਤੇ ਸਹਿਯੋਗੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪਿੰਡ ਸੋਭੂਵਾਲ ਦੇ ਸਰਪੰਚ ਚਮਨ ਲਾਲ, ਭਜਨ ਲਾਲ ਪਟਵਾਰੀ ਸਾਬਕਾ ਸਰਪੰਚ ਕ੍ਰਿਸ਼ਨ ਕਸਾਣਾ, ਦਵਿੰਦਰ ਕਸਾਣਾ, ਅਸ਼ੋਕ ਕਸਾਣਾ ਆਦਿ ਪਿੰਡ ਵਾਸੀਆਂ ਵਲੋਂ ਏਰੀਆ ਯੂਥ ਅਲਾਇੰਸ ਦੀ ਟੀਮ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਅਜੀਤਪਾਲ ਸਿੰਘ ਭਾਟੀਆ, ਰਾਜ ਖਟਾਣਾ, ਡਾਕਟਰ ਜਸਦੀਪ ਸੈਣੀ, ਮਾਸਟਰ ਰਣਬੀਰ ਰਾਏ, ਪ੍ਰਿੰਸੀਪਲ ਹਰੀਪਾਲ ਕਲਸੀ, ਮੈਨੇਜਰ ਪ੍ਰੇਮਦੀਪ ਸਿੰਘ, ਰਾਜ ਭਾਟੀਆ, ਅਰੁਨ ਨਾਗਰ, ਰਮਨ ਭਰਥਲਾ, ਅਨੀਲ ਰਾਣਾ, ਅਮਰੀਕ ਸਿੰਘ ਬਛੌੜੀ, ਸੁਰਜੀਤ ਚੇਚੀ ਬਾਗੋਵਾਲ, ਗਗਨਦੀਪ ਰਾਣਾ, ਰਵਿੰਦਰ ਸੂਰਾਪੁਰ, ਬਲਜਿੰਦਰ ਵਿਰਕ, ਮਾ: ਗਿਆਨ ਸਿੰਘ ਕਟਾਰੀਆ, ਸੁਰਿੰਦਰ ਮੁੰਡਨ, ਮੇਸ਼ੀ ਕਟਵਾਰਾ, ਗਰਵਿੰਦਰ ਸਿੰਘਪੁਰ, ਰਾਕੇਸ਼ ਫੌਜੀ, ਨਵਦੀਪ ਟਕਾਰਲਾ, ਚਰਨਜੀਤ ਮੁੱਤੋਂ, ਹਰਜੀਤ ਸਹੋਤਾ, ਕਾਬਲ ਭੂੰਬਲਾ ਸੂਰਾਪੁਰ, ਸ਼ੰਮੀ ਜਲਾਲਪੁਰ, ਕਾਲਾ ਠੇਕੇਦਾਰ ਬਾਗੋਵਾਲ, ਗੁਲਸ਼ਨ ਕੋਚ ਨੀਲਾਵਾੜਾ, ਕੋਚ ਰੋਹਿਤ ਰੱਤੇਵਾਲ, ਮਨਦੀਪ ਅਨੰਦ, ਪੀ.ਟੀ ਅਜੇ ਬਰੇਤਾ ਆਦਿ ਟੀਮ ਮੈਂਬਰ ਤੇ ਪਤਵੰਤੇ ਹਾਜ਼ਰ ਸਨ।

# ਪਿੰਡ ਰਸੂਲਪੁਰ ਵਿਖੇ ਹਲਕਾ ਇੰਚਾਰਜ ਮੈਡਮ ਹਰਜੋਤ ਕੌਰ ਲੋਹਟੀਆ ਨੇ ਰਾਸ਼ਨ ਕਿੱਟਾਂ ਵੰਡੀਆਂ



**ਫਿਲੌਰ/ਅੱਪਰਾ, 26 ਜੁਲਾਈ (ਦੀਪਾ)**-ਫਿਲੌਰ ਦੇ ਨਜ਼ਦੀਕੀ ਪਿੰਡ ਰਸੂਲਪੁਰ ਵਿਖੇ ਸਰਪੰਚ ਨਰਿੰਦਰ ਕੌਰ ਦੀ ਅਗਵਾਈ ਹੇਠ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਹਲਕਾ ਇੰਚਾਰਜ ਮੈਡਮ ਹਰਜੋਤ ਕੌਰ ਲੋਹਟੀਆ ਵੱਲੋਂ ਪੰਜਾਬ ਸਰਕਾਰ ਵੱਲੋਂ ਚਲਾਈ ਸਕੀਮ "ਮੇਰੀ ਰਸੋਈ" ਤਹਿਤ ਰਾਸ਼ਨ ਕਿੱਟਾਂ ਦੀ ਵੰਡ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਮੈਡਮ ਹਰਜੋਤ ਕੌਰ ਲੋਹਟੀਆ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਹਨ ਅਤੇ ਉਹ ਪੰਜਾਬ ਦੇ ਪਿੰਡਾਂ ਦੇ ਸ਼ਹਿਰਾਂ ਦੇ ਵਿਕਾਸ ਲਈ ਵਚਨਬੱਧ ਹਨ ਉਨ੍ਹਾਂ ਕਿਹਾ ਕਿ ਪਿੰਡਾਂ ਲਈ ਜਲਦ ਹੀ ਗ੍ਰਾਂਟਾਂ ਆਉਣਗੀਆਂ ਜਿਸ ਨਾਲ ਪਿੰਡਾਂ ਦੀ ਨੁਹਾਰ ਬਦਲੀ ਜਾਵੇਗੀ। ਇਸ ਮੌਕੇ ਸਰਪੰਚ ਨਰਿੰਦਰ ਕੌਰ ਦੇ ਪਤੀ ਡਾਕਟਰ ਪ੍ਰਿੰਸ ਵੱਲੋਂ ਮੈਡਮ ਹਰਜੋਤ ਕੌਰ ਲੋਹਟੀਆ ਅੱਗੇ ਪਿੰਡ ਦੇ ਵਿਕਾਸ ਲਈ ਕਈ ਮੰਗਾਂ ਰੱਖੀਆਂ ਅਤੇ ਉਨ੍ਹਾਂ ਨੂੰ ਜਲਦ ਪੂਰਾ ਕਰਨ ਦੀ ਅਪੀਲ ਕੀਤੀ। ਜਿਸ ਦੌਰਾਨ ਮੈਡਮ ਹਰਜੋਤ ਕੌਰ ਲੋਹਟੀਆ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਕੰਮ ਪਹਿਲ ਦੇ ਆਧਾਰ ਤੇ ਕੀਤੇ ਜਾਣਗੇ । ਇਸ ਮੌਕੇ ਉਨ੍ਹਾਂ ਆਂਗਨਵਾੜੀ ਅਤੇ ਪੰਚਾਇਤ ਘਰ ਦੀ ਉਸਾਰੀ ਲਈ 8 ਲੱਖ ਰੁਪਏ ਗ੍ਰਾਂਟ ਦੇਣ ਦਾ ਐਲਾਨ ਕੀਤਾ। ਇਸ ਮੌਕੇ ਰੋਸ਼ਨ ਲਾਲ ਰੋਸੀ ਸਾਬਕਾ ਚੈਅਰਮੈਨ ਮਾਰਕੀਟ ਕਮੇਟੀ ਫਿਲੌਰ, ਜਗਤ ਰਾਮ ਭੱਟੀ ਬਲਾਕ ਪ੍ਰਧਾਨ, ਬਨਾਰਸੀ ਲਾਲ ਸਾਬਕਾ ਪੰਚ, ਕੁਲਦੀਪ ਕੁਮਾਰ ਦੀਪਕ ਰਸੂਲਪੁਰੀ ਪੰਚ, ਸਰਬਜੀਤ ਕੁਮਾਰ ਪੰਚ, ਸੁਖਜੀਤ ਸਿੰਘ ਪੰਚ, ਜਸਵੀਰ ਕੌਰ ਪੰਚ, ਰਣਜੀਤ ਕੌਰ ਪੰਚ, ਪੂਜਾ ਪੰਚ, ਮਨਦੀਪ ਸਿੰਘ ਬੈਂਸ, ਹਰਿੰਦਰ ਸਿੰਘ, ਜਸਵਿੰਦਰਪਾਲ ਸਿੰਘ, ਰਸਪਾਲ ਸਿੰਘ੍ ਅਤੇ ਹੋਰ ਹਾਜ਼ਰ ਸਨ।

# 20 ਲੱਖ ਰੁਪਏ ਦੀ ਧੋਖਾਧੜੀ ਦੇ ਸੰਬੰਧ ਵਿੱਚ ਮਾਮਲਾ ਦਰਜ ਕੀਤਾ ਗਿਆ, ਅਤੇ ਪੀੜਤਾਂ ਨੇ ਆਪਣਾ ਦੁੱਖ ਪ੍ਰਗਟ ਕੀਤਾ

## ਪੰਜਾਬ ਪੁਲਿਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ

**ਲੁਧਿਆਣਾ 26 ਜੁਲਾਈ (ਕਰਨੈਲ ਸਿੰਘ ਐੱਮ.ਏ.)** ਫੇਜ਼-2 ਦੁਗਰੀ ਦੇ ਵਸਨੀਕ ਸ਼ਿਕਾਇਤਕਰਤਾ ਪਵਨ ਕਾਂਸਲ ਨੇ ਡਿਵੀਜ਼ਨ ਨੰਬਰ 6 ਪੁਲਿਸ ਸਟੇਸ਼ਨ ਵਿੱਚ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਕਿਹਾ ਗਿਆ ਹੈ ਕਿ ਉਸਨੇ ਨਿਊ ਸ਼ਾਲੀਮਾਰ ਪਾਰਕ ਦੇ ਵਸਨੀਕ ਜਸਪ੍ਰੀਤ ਸਿੰਘ ਧਵਨ ਉਰਫ਼ ਸ਼ੈਂਕੀ ਕੋਲ 20 ਲੱਖ ਦੀ ਜਮ੍ਹਾਂ ਰਾਸ਼ੀ ਜਮ੍ਹਾਂ ਕਰਵਾਈ ਹੈ। ਪੀੜਤ ਪਵਨ ਕਾਂਸਲ ਨੇ ਦੱਸਿਆ ਕਿ ਉਸਨੇ ਸਾਰੀਆਂ ਕਿਸ਼ਤਾਂ ਸਮੇਂ ਸਿਰ ਅਦਾ ਕਰ ਦਿੱਤੀਆਂ ਸਨ। ਹਾਲਾਂਕਿ, ਜਦੋਂ ਉਸਨੇ ਕਿਸ਼ਤਾਂ ਪੂਰੀਆਂ ਹੋਣ ਤੋਂ ਬਾਅਦ ਆਪਣੇ 20 ਲੱਖ ਰੁਪਏ ਦੀ ਮੰਗ ਕੀਤੀ,



**ਦੋਸ਼ੀ ਜਸਪ੍ਰੀਤ ਸਿੰਘ ਉਰਫ਼ ਸ਼ੈਂਕੀ ਦੀ ਫਾਈਲ ਫੋਟੋ।**

ਤਾਂ ਦੋਸ਼ੀ ਜਸਪ੍ਰੀਤ ਸਿੰਘ ਉਰਫ਼ ਸ਼ੈਂਕੀ ਟਾਲ-ਮਟੋਲ ਕਰਨ ਲੱਗ ਪਿਆ ਅਤੇ ਭੁਗਤਾਨ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਦੋਸ਼ ਹੈ ਕਿ ਦੋਸ਼ੀ ਪੈਸੇ ਮੰਗਣ 'ਤੇ ਉਸਨੂੰ ਜਾਨੋਂ ਮਾਰਨ ਦੀ ਧਮਕੀ ਦੇ ਰਿਹਾ ਹੈ। ਪੀੜਤ ਦੀ ਸ਼ਿਕਾਇਤ ਦੇ ਆਧਾਰ



**ਪਵਨ ਕਾਂਸਲ ਸ਼ਿਕਾਇਤਕਰਤਾ ਕਾਰੋਬਾਰੀ ਦੇ ਨਾਲ, ਪੱਤਰਕਾਰਾਂ ਨੂੰ ਐਫਆਈਆਰ ਦੀ ਕਾਪੀ ਦਿਖਾਉਂਦੇ ਹੋਏ।**

'ਤੇ, ਡਿਵੀਜ਼ਨ ਨੰਬਰ 6 ਪੁਲਿਸ ਸਟੇਸ਼ਨ ਦੀ ਪੁਲਿਸ ਨੇ ਦੋਸ਼ੀ ਜਸਪ੍ਰੀਤ ਸਿੰਘ ਧਵਨ ਉਰਫ਼ ਸੈਂਕੀ ਵਿਰੁੱਧ ਧੋਖਾਧੜੀ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ ਅਤੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

**ਪੀੜਤ ਪਵਨ ਕਾਂਸਲ ਨੇ ਦੱਸਿਆ ਕਿ**

ਦੋਸ਼ੀ ਜਸਪ੍ਰੀਤ ਸਿੰਘ ਉਰਫ਼ ਸੈਂਕੀ ਕੋਲ ਲੋਕਾਂ ਨੇ ਆਪਣੀ ਜਮਾ ਪੂੰਜੀ ਕਿਸ਼ਤਾਂ ਦੇ ਰੂਪ 'ਚ ਜਮਾ ਕਰਵਾਈ ਗਈ ਅਤੇ ਸਾਰੇ ਮੈਂਬਰ ਸਮਾਂ ਪੂਰਾ ਹੋਣ ਤੇ ਪੈਸੇ ਵਾਪਸ ਮੰਗਣ ਸ਼ੈਂਕੀ ਦੇ ਘਰ ਇਕੱਠੇ ਹੋ ਕੇ ਗਏ ਤਾਂ ਉਸ ਵੱਲੋਂ ਸਾਰੇ ਮੈਂਬਰਾਂ ਨਾਲ ਬਦਸਲੂਕੀ ਕੀਤੀ ਗਈ ਤੇ ਸਾਰੇ ਮੈਂਬਰਾਂ ਨੂੰ ਭਜਾ ਦਿੱਤਾ ਗਿਆ। ਪਵਨ ਕਾਂਸਲ ਨੇ ਅੱਗੇ ਦੱਸਿਆ ਕਿ ਪੀੜਤ ਨੂੰ ਉਸ ਦੇ ਪੈਸੇ ਵਾਪਸ ਮੰਗਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ। ਦੋਸ਼ੀ ਤੱਕ ਪਹੁੰਚਣ ਦੀਆਂ ਵਾਰ-ਵਾਰ ਕੋਸ਼ਿਸ਼ਾਂ ਦੇ ਬਾਵਜੂਦ, ਉਸਦਾ ਮੋਬਾਈਲ ਨੰਬਰ ਪਹੁੰਚ ਤੋਂ ਬਾਹਰ ਹੈ। ਧੋਖਾਧੜੀ ਦੇ ਸ਼ਿਕਾਰ ਪਵਨ ਕਾਂਸਲ, ਮਹਾਵੀਰ ਸੋਂਧੀ, ਮਨਜਿੰਦਰ ਸਿੰਘ, ਮਨੋਜ ਵਰਮਾ, ਗੁਰਮੀਤ ਕਲਸੀ, ਤਰਸੇਮ ਕੁਮਾਰ (ਸ਼ਾਲੂ), ਮਨੀਸ਼ ਜਿੰਦਲ, ਜਗਮੀਤ ਸਿੰਘ, ਨਰੇਸ਼ ਕਾਂਸਲ ਅਤੇ ਹੋਰ ਸਨ।

***ਘਟਨਾ ਦੀਆਂ ਮੁੱਖ ਗੱਲਾਂ***

- 20 ਲੱਖ ਰੁਪਏ ਦੀ ਕਮੇਟੀ ਰਕਮ ਵਾਪਸ ਨਾ ਕਰਨਾ
- ਸਾਰੀਆਂ ਕਿਸ਼ਤਾਂ ਦੀ ਸਮੇਂ ਸਿਰ ਅਦਾਇਗੀ ਦਾ ਦਾਅਵਾ
- ਕਮੇਟੀ ਪੂਰੀ ਹੋਣ ਤੋਂ ਬਾਅਦ ਵੀ ਪੈਸੇ ਵਾਪਸ ਨਹੀਂ ਕੀਤੇ ਗਏ
- ਦੋਸ਼ੀ 'ਤੇ ਵਿਸ਼ਵਾਸਘਾਤ ਦਾ ਦੋਸ਼
- ਐਫਆਈਆਰ ਨੰਬਰ 183, ਮਿਤੀ 23 ਜੁਲਾਈ, 2026, ਆਈਪੀਸੀ ਦੀ ਧਾਰਾ 316(2) ਅਤੇ 318(4) ਦੇ ਤਹਿਤ ਪੁਲਿਸ ਸਟੇਸ਼ਨ ਡਿਵੀਜ਼ਨ ਨੰਬਰ 6 ਵਿਖੇ ਦਰਜ ਕੀਤੀ ਗਈ
- ਪੁਲਿਸ ਨੇ ਜਾਂਚ ਸ਼ੁਰੂ ਕੀਤੀ।

# ਇਨਰ ਵ੍ਹੀਲ ਕਲੱਬ ਲੁਧਿਆਣਾ ਮਿਡਟਾਊਨ ਨੇ ਜੀ.ਆਰ.ਐਚ ਪਬਲਿਕ ਸਕੂਲ ਨੂੰ ਵਾਟਰ ਕੂਲਰ ਦਾਨ ਕੀਤਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇਨਰ ਵ੍ਹੀਲ ਕਲੱਬ ਲੁਧਿਆਣਾ ਮਿਡਟਾਊਨ ਨੇ ਜੀ.ਆਰ.ਐਚ ਪਬਲਿਕ ਸਕੂਲ ਨੂੰ ਫਿਲਟਰੇਸ਼ਨ ਸਿਸਟਮ ਵਾਲਾ ਵਾਟਰ ਕੂਲਰ ਦਾਨ ਕਰਕੇ ਸਮਾਜ ਸੇਵਾ ਵੱਲ ਇੱਕ ਹੋਰ ਸਾਰਥਕ ਕਦਮ ਚੁੱਕਿਆ। ਇਹ ਪਹਿਲ ਇਹ ਯਕੀਨੀ ਬਣਾਉਣ ਲਈ ਕੀਤੀ ਗਈ ਸੀ ਕਿ ਵਿਦਿਆਰਥੀਆਂ ਨੂੰ ਸਾਫ਼, ਸੁਰੱਖਿਅਤ ਅਤੇ ਠੰਢੇ ਪੀਣ ਵਾਲੇ ਪਾਣੀ ਦੀ ਪਹੁੰਚ ਹੋਵੇ, ਖਾਸ ਕਰਕੇ ਤੇਜ਼ ਗਰਮੀਆਂ ਦੇ ਮਹੀਨਿਆਂ




ਦੌਰਾਨ।;ਇਸ ਮੌਕੇ 'ਤੇ ਕਲੱਬ ਦੀ ਪ੍ਰਧਾਨ ਸ਼੍ਰੀਮਤੀ ਨਿਸ਼ਾ ਸ਼ਰਮਾ, ਸੰਪਾਦਕ ਸ਼੍ਰੀਮਤੀ ਸੁਲੇਖਾ ਸਚਦੇਵਾ ਅਤੇ ਸੀਨੀਅਰ ਮੈਂਬਰ ਸ਼੍ਰੀਮਤੀ ਕੁਸਮ ਅਗਰਵਾਲ ਮੌਜੂਦ ਸਨ ਅਤੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ, ਅਰਥਪੂਰਨ ਭਾਈਚਾਰਕ ਭਲਾਈ ਪ੍ਰੋਜੈਕਟਾਂ ਰਾਹੀਂ ਸਮਾਜ ਦੀ ਸੇਵਾ ਕਰਨ ਲਈ ਕਲੱਬ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

# ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਸਭਾ ਰਜਿ.ਬਰਨਾਲਾ ਨੂੰ ਵੀਹ ਹਜ਼ਾਰ ਰੁਪਏ ਭੇਂਟ ਕੀਤੇ ਗਏ

**ਬਰਨਾਲਾ (ਚੰਡਿਹੋਕ)** ਪੰਜਾਬੀ ਸਾਹਿਤ ਸਭਾ ਰਜਿ.ਬਰਨਾਲਾ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਦੇ ਸਮਾਗਮ ਕਰਵਾਉਣ ਲਈ ਵੀਹ ਹਜ਼ਾਰ ਦੀ ਗਰਾਂਟ ਦਿੱਤੀ ਗਈ ਹੈ।ਸਭਾ ਵਲੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜਫਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।ਧੰਨਵਾਦ ਕਰਨ ਵਾਲਿਆਂ ਵਿਚ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ, ਜਨਰਲ ਸਕੱਤਰ ਪਵਨ ਪਰਿੰਦਾ,ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ,ਸ਼ਾਇਰ ਰਾਮ ਸਰੂਪ ਸ਼ਰਮਾਂ.ਡਾ.ਸੰਪੂਰਨ ਸਿੰਘ ਟੱਲਵਾਲੀਆ, ਡਾ.ਭੁਪਿੰਦਰ ਸਿੰਘ ਬੇਦੀ, ਲੇਖਕ ਪਾਠਕ ਸਾਹਿਤ ਸਭਾ ਦੇ ਬਾਨੀ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ, ਡਾ.ਤਰਸਪਾਲ ਕੌਰ, ਕਹਾਣੀਕਾਰ ਭੋਲਾ ਸਿੰਘ ਸੰਘੇੜਾ,ਸ਼ਾਇਰ ਤਰਸੇਮ,ਨਾਵਲਕਾਰ ਦਰਸ਼ਨ ਸਿੰਘ ਗੁਰੂ,ਰਘਬੀਰ ਸਿੰਘ ਗਿੱਲ, ਮੇਜਰ ਸਿੰਘ ਸਹੌਰ ਅਤੇ ਸਮੂਹ ਮੈਂਬਰ ਸਾਹਿਬਾਨ ਸ਼ਾਮਿਲ ਹੋਏ। ਇਹ ਵੀ ਮਸ਼ਵਰਾ ਕੀਤਾ ਗਿਆ ਕਿ ਸਭਾ ਵੱਲੋਂ ਵੱਡੇ ਸਾਹਿਤਕ ਸਮਾਗਮ ਉਲੀਕੇ ਜਾਣਗੇ।ਭਾਸ਼ਾ ਵਿਭਾਗ ਪੰਜਾਬ ਦਾ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਦਾ ਯਤਨ ਸ਼ਲਾਘਾਯੋਗ ਹੈ।

# ਬਲਾਚੌਰ ਵਿਖੇ ਪਿੰਡਾਂ ਵਿੱਚ ਮੀਟਿੰਗਾਂ ਦੌਰਾਨ ਗੁੱਜਰ ਵੈਲਫੇਅਰ ਬੋਰਡ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ ਦਾ ਭਰਵਾਂ ਸਵਾਗਤ

**ਬਲਾਚੌਰ, 26 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਹਲਕਾ ਬਲਾਚੌਰ ਵਿਖੇ ਲੋਕ ਸੇਵਾ ਅਤੇ ਜਨਸੰਪਰਕ ਮੁਹਿੰਮ ਨੂੰ ਉਸ ਸਮੇਂ ਹੋਰ ਹੁੰਗਾਰਾ ਮਿਲਿਆ ਜਦੋਂ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਇਨ੍ਹਾਂ ਮੀਟਿੰਗਾਂ ਦੌਰਾਨ ਪਿੰਡਾਂ ਵਿੱਚ ਪਹੁੰਚਣ 'ਤੇ ਇਲਾਕਾ ਨਿਵਾਸੀਆਂ ਅਤੇ ਵਰਕਰਾਂ ਵੱਲੋਂ ਉਨ੍ਹਾਂ ਦਾ ਪੂਰੇ ਜ਼ੋਰ-ਸ਼ੋਰ ਅਤੇ ਉਤਸ਼ਾਹ ਨਾਲ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਲੋਕਾਂ ਵਿੱਚ ਇਸ ਗੱਲ ਦੀ ਭਾਰੀ ਚਰਚਾ ਦੇਖਣ ਨੂੰ ਮਿਲੀ ਕਿ "ਹਰ ਪਾਸੇ ਚੱਲੀ ਗੱਲ, ਬ੍ਰਿਗੇਡੀਅਰ ਰਾਜਕੁਮਾਰ ਕਰਦਾ ਮਸਲੇ ਹੱਲ", ਜੋ ਕਿ ਉਨ੍ਹਾਂ ਦੀ ਲੋਕਾਂ ਵਿੱਚ ਬਣੀ ਮਜ਼ਬੂਤ ਪਕੜ ਅਤੇ ਸੇਵਾ ਭਾਵਨਾ ਨੂੰ ਬਿਆਨ ਕਰਦੀ ਹੈ। ਚੇਅਰਮੈਨ ਬ੍ਰਿਗੇਡੀਅਰ



ਰਾਜਕੁਮਾਰ ਨੇ ਪਿੰਡਾਂ ਦੇ ਦੌਰੇ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਨੇੜਿਓਂ ਸੁਣਿਆ ਅਤੇ ਉਨ੍ਹਾਂ ਦੇ ਹੱਲ ਲਈ ਵਿਸ਼ਵਾਸ ਦਿਵਾਇਆ। ਇਸ ਦੌਰਾਨ ਉਨ੍ਹਾਂ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ, ਖਾਸ ਕਰਕੇ 'ਮੁੱਖ ਮੰਤਰੀ ਸਿਹਤ ਯੋਜਨਾ' ਜਿਸ ਤਹਿਤ 10 ਲੱਖ ਰੁਪਏ ਤੱਕ ਦਾ ਮੁਫ਼ਤ ਅਤੇ ਕੈਸ਼ਲੈੱਸ ਇਲਾਜ ਮਿਲਦਾ ਹੈ, ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਇਆ। ਪਿੰਡ ਵਾਸੀਆਂ ਨੇ ਇਸ ਮੌਕੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ ਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

# ਸਿਰਲੇਖ-ਗਰਮੀ ਵਧੀ ਜਾਂ ਵਾਤਾਵਰਣ ਬਦਲ ਗਿਆ !

ਗਰਮੀ ਤਾਂ 30-35 ਸਾਲ ਪਹਿਲਾਂ ਵੀ ਬਹੁਤ ਪੈਂਦੀ ਸੀ ਪਰ ਓਦੋਂ ਐਨੀ ਮਹਿਸੂਸ ਨਹੀਂ ਸੀ ਹੁੰਦੀ। ਕਾਰਨ ਝੋਨਾ ਬਹੁਤ ਘੱਟ ਲੱਗਦਾ ਸੀ ਪਰ ਹੁਣ ਜਦੋਂ ਝੋਨੇ ਵਿੱਚ ਖੜਾ ਪਾਣੀ ਵਾਸ਼ਪ/ ਭਾਫ਼ ਬਣ ਕੇ ਉੱਡਦਾ ਹੈ ਤਾਂ ਸਾਰੇ ਵਾਤਾਵਰਣ ਨੂੰ ਗਰਮ ਕਰ ਦਿੰਦਾ ਹੈ। ਰਹਿੰਦੀ-ਖੂੰਹਦੀ ਕਸਰ ਏਸੀਆਂ ਦੇ ਐਗਜ਼ਾਸਟ ਕੱਢੀ ਜਾ ਰਹੇ ਨੇ। ਜਿੰਨਾ ਅੰਦਰ ਠੰਡਾ ਹੁੰਦਾ ਹਾਂ ਉਸੇ ਹਿਸਾਬ ਨਾਲ ਬਾਹਰ ਗਰਮ ਹੁੰਦਾ ਹੈ। ਪਹਿਲਾਂ ਘਰਾਂ ਤੇ ਦੁਕਾਨਾਂ/ਦਫਤਰਾਂ ਵਿੱਚ ਤਾਂ ਏ ਸੀ ਹੁੰਦੇ ਹੀ ਨਹੀਂ ਸਨ ਤੇ ਗੱਡੀਆਂ ਇੱਕ ਤਾਂ ਵੈਸੇ ਹੀ ਘੱਟ ਸਨ ਤੇ ਜਿਹੜੀਆਂ ਸਨ , ਉਹ ਵੀ ਬਿਨਾਂ ਏ ਸੀ ਦੇ ਹੁੰਦੀਆਂ ਸਨ।

ਓਦੋਂ ਮੀਂਹ ਪੈਣ ਤੋਂ ਬਾਅਦ ਥੋੜੀ ਰਾਹਤ ਮਿਲ ਜਾਂਦੀ ਸੀ ਪਰ ਹੁਣ ਕੰਮ ਉਲਟਾ ਹੋਇਆ ਹੈ। ਹੁਣ ਮੀਂਹ ਪੈਣ ਤੋਂ ਬਾਅਦ ਹੁੰਮਸ ਹੋਰ ਵਧ ਜਾਂਦਾ ਹੈ। ਕਾਰਨ ਪਹਿਲਾਂ ਧਰਤੀ ਪਿਆਸੀ ਹੁੰਦੀ ਸੀ ਤੇ ਸਾਰਾ ਪਾਣੀ ਸੋਖ ਲੈਂਦੀ ਸੀ ਪਰ ਹੁਣ ਥਾਂ-ਥਾਂ ਪੱਕਾ ਹੋਇਆ ਹੈ। ਉੱਪਰੋਂ ਮੀਂਹ ਪੈ ਕੇ ਨੱਕੇ ਟੁੱਟਣ ਦੇ ਨਾਲ ਝੋਨੇ ਵਾਲੇ ਖੇਤਾਂ ਦਾ ਪਾਣੀ ਮੀਂਹ ਦੇ ਪਾਣੀ ਨਾਲ ਰਲ ਜਾਂਦਾ ਹੈ ਤੇ ਵਧਿਆ ਪਾਣੀ ਤਬਾਹੀ ਮਚਾਉਂਦਾ ਹੈ।

ਇੱਕ ਹੋਰ ਗੱਲ ਅੱਜ-ਕੱਲ ਪਹਾੜਾਂ ਵਿੱਚ ਬੱਦਲ ਫਟਣੇ ਆਮ ਹੋ ਗਏ ਨੇ। ਇਸ ਦੀ ਵਜ੍ਹਾ ਜਾਣੀਏ ਤਾਂ ਜਿਹੜਾ ਬੱਦਲ ਸਾਗਰਾਂ 'ਚੋਂ ਪਾਣੀ ਲੈ ਕੇ ਆਉਂਦਾ ਹੈ, ਉਹਨੇ ਕਿਤੇ ਤਾਂ ਵਰ੍ਹਨਾ ਹੀ ਹੁੰਦਾ ਹੈ। ਆਪਣੇ ਪੰਜਾਬ ਵਿੱਚ ਝੋਨੇ ਤੇ ਏਸੀਆਂ ਦੇ ਕਾਰਨ ਵਾਤਾਵਰਣ ਵਿੱਚ ਉਚਿਤ ਦਬਾਅ ਨਹੀਂ ਬਣ ਪਾਉਂਦਾ ਤੇ ਬੱਦਲ ਬਿਨ ਵਰ੍ਹਿਆਂ ਹੀ ਪਹਾੜਾਂ ਵੱਲ ਚਲਾ ਜਾਂਦਾ ਹੈ ਤੇ ਉੱਥੇ ਕਿਸੇ ਦੂਸਰੇ ਬੱਦਲ ਨਾਲ ਟਕਰਾ ਕੇ ਫਟ ਜਾਂਦਾ ਹੈ ਤੇ ਇੱਕੋ ਥਾਂ ਪਾਣੀ ਢੇਰੀ ਹੋ ਜਾਂਦਾ ਹੈ ਜੋ ਹੜ੍ਹਾਂ ਦਾ ਰੂਪ ਲਾ ਲੈਂਦਾ ਹੈ।

ਅੰਤ ਵਿੱਚ ਇਸ ਸਭ ਦੇ ਹੱਲ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਤਾਂ ਸਾਨੂੰ ਝੋਨੇ ਹੇਠਲਾ ਰਕਬਾ ਘਟਾ ਕੇ, ਘੱਟ ਪਾਣੀ ਚਾਹੁਣ ਵਾਲੀਆਂ ਫ਼ਸਲਾਂ ਵੱਲ ਜਾਣਾ ਪਵੇਗਾ ਤੇ ਦੂਜਾ ਵੱਧ ਤੋਂ ਦਰੱਖਤ ਲਗਾ ਕੇ ਵਾਤਾਵਰਣ ਨੂੰ ਅਨੁਕੂਲ ਬਣਾਉਣਾ ਪਵੇਗਾ। ਜਿਸ ਕਾਰਨ ਬਾਰਿਸ਼ ਲਈ ਉਚਿਤ ਦਬਾਅ ਬਣੇਗਾ

ਅਤੇ ਭੂ-ਖੋਰੀ ਵੀ ਰੁਕੇਗੀ। ਜਦੋਂ ਵਾਤਾਵਰਣ ਸਹੀ ਹੋ ਗਿਆ ਤਾਂ ਏਸੀਆਂ ਦੀ ਵਰਤੋਂ ਖੁਦ-ਬ-ਖੁਦ ਘਟ ਜਾਵੇਗੀ।



**ਗੁਰਜਿੰਦਰ ਸਿੰਘ ਸਾਹਦੜਾ**
9815302341

# ਪ੍ਰਾਚੀਨ ਜੰਗਲਾਂ ਦੀ ਖੂਬਸੂਰਤੀ ਨੂੰ ਦਰਸਾਉਂਦੀ ਵਿਲੱਖਣ ਪ੍ਰਦਰਸ਼ਨੀ

**ਵੈਨਕੂਵਰ, 26 ਜੁਲਾਈ (ਮਲਕੀਤ ਸਿੰਘ)** - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰਾਚੀਨ ਜੰਗਲਾਂ ਦੀ ਵਿਲੱਖਣ ਖੂਬਸੂਰਤੀ ਅਤੇ ਮਹੱਤਤਾ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵੈਨਕੂਵਰ ਆਰਟ ਗੈਲਰੀ ਵਿੱਚ ਇੱਕ ਨਿਵੇਕਲੀ ਪ੍ਰਦਰਸ਼ਨੀ ਲਗਾਈ ਗਈ ਹੈ। ਇਸ ਵਿੱਚ ਦਰਸ਼ਕਾਂ ਨੂੰ ਕਰੀਬ 1,800 ਸਾਲ ਪੁਰਾਣੇ ਵਿਸ਼ਾਲ ਦਰੱਖਤ ਦੇ ਅੰਦਰ ਬੈਠਣ ਵਰਗਾ ਅਨੁਭਵ ਕਰਵਾਇਆ ਜਾਂਦਾ ਹੈ, ਜਿੱਥੇ ਆਵਾਜ਼, ਰੌਸ਼ਨੀ ਅਤੇ ਵੀਡੀਓ ਰਾਹੀਂ ਬੀ.ਸੀ. ਦੇ ਪ੍ਰਾਚੀਨ ਜੰਗਲਾਂ ਵਰਗਾ ਮਾਹੌਲ ਤਿਆਰ ਕੀਤਾ ਗਿਆ ਹੈ।

ਦਰਸ਼ਕ ਜਿਵੇਂ ਹੀ ਵੱਡਆਕਾਰੀ ਦਰੱਖਤ ਦੇ ਆਕਾਰ ਵਾਲੇ ਢਾਂਚੇ ਵਿੱਚ ਦਾਖਲ ਹੁੰਦੇ ਹਨ, ਉਨ੍ਹਾਂ ਦੇ ਸਾਹਮਣੇ ਵਿਸ਼ਾਲ ਪੁਰਾਣੇ ਜੰਗਲਾਂ, ਉੱਚੇ-ਉੱਚੇ ਰੁੱਖਾਂ, ਪੰਛੀਆਂ ਦੀਆਂ ਆਵਾਜ਼ਾਂ ਅਤੇ ਕੁਦਰਤੀ ਵਾਤਾਵਰਨ ਦਾ ਅਦਭੁੱਤ ਦ੍ਰਿਸ਼ ਉਭਰ ਆਉਂਦਾ ਹੈ।

ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਸ ਪ੍ਰਦਰਸ਼ਨੀ ਦਾ ਮਕਸਦ ਲੋਕਾਂ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਦੀਆਂ ਪੁਰਾਣੇ ਜੰਗਲਾਂ ਦੀ ਅਹਿਮੀਅਤ ਨਾਲ ਜੋੜਨਾ ਅਤੇ ਉਨ੍ਹਾਂ ਦੀ ਸੰਭਾਲ ਲਈ ਜਾਗਰੂਕ ਕਰਨਾ ਹੈ। ਆਧੁਨਿਕ ਤਕਨੀਕ ਦੀ ਮਦਦ ਨਾਲ ਤਿਆਰ ਕੀਤੇ ਇਸ ਅਨੁਭਵ ਨੂੰ ਹਰ ਉਮਰ ਦੇ ਲੋਕਾਂ ਵੱਲੋਂ ਖੂਬ ਪਸੰਦ ਕੀਤਾ ਜਾ ਰਿਹਾ ਹੈ। ਕਲਾ ਅਤੇ ਕੁਦਰਤ ਦੇ ਸੁਮੇਲ ਨਾਲ ਸਜੀ ਇਹ ਪ੍ਰਦਰਸ਼ਨੀ ਵੈਨਕੂਵਰ ਆਰਟ ਗੈਲਰੀ ਦੀਆਂ ਖਾਸ ਆਕਰਸ਼ਣਾਂ ਵਿੱਚ ਸ਼ਾਮਲ ਹੋ ਗਈ ਹੈ ਅਤੇ ਹਰ ਰੋਜ਼ ਵੱਡੀ ਗਿਣਤੀ ਵਿੱਚ ਲੋਕ ਇੱਥੇ ਪਹੁੰਚ ਕੇ ਬੀ.ਸੀ. ਦੇ ਪ੍ਰਾਚੀਨ ਜੰਗਲਾਂ ਦੇ ਇਸ ਅਨੋਖੇ ਸਫ਼ਰ ਦਾ ਆਨੰਦ ਮਾਣ ਰਹੇ ਹਨ।



**ਆਰਟ ਗੈਲਰੀ ਚ ਲਗਾਈ ਪ੍ਰਦਰਸ਼ਨੀ ਦਾ ਅੰਦਰੂਨੀ ਦ੍ਰਿਸ਼।**

# ਸਰੀਰ ਦਾ ਓਵਰਹਾਲ

"ਯਾਰ! ਕੋਈ ਇਹੋ ਜਿਹਾ ਡਾਕਟਰ ਹੋਵੇ ਜਿਹੜਾ ਇੱਕ ਵਾਰ ਜਾਣ 'ਤੇ ਹੀ ਸਾਰਾ ਸਰੀਰ ਚੈੱਕ ਕਰਕੇ ਦਵਾਈ ਦੇ ਦੇਵੇ ਅਤੇ ਕਿਤੇ ਹੋਰ ਜਾਣ ਦੀ ਜ਼ਰੂਰਤ ਨਾ ਪਵੇ। ਪੈਸਿਆਂ ਦੀ ਕੋਈ ਗੱਲ ਨਹੀਂ।" ਗੱਲਾਂ ਕਰਦਿਆਂ ਸ੍ਰੀ ਓਮ ਪ੍ਰਕਾਸ਼ ਜਾਸੂਜਾ ਨੇ ਜਦੋਂ ਇਹ ਕਿਹਾ ਤਾਂ ਮੈਨੂੰ ਵੀ ਲੱਗਿਆ ਕਿ ਉਨ੍ਹਾਂ ਨੇ ਮੇਰੇ ਦਿਲ ਦੀ ਗੱਲ ਕਹੀ ਹੈ। ਸ੍ਰੀ ਜਾਸੂਜਾ ਜੀ, ਬੇਟੀ ਪ੍ਰਤਿਮਾ ਦੇ ਮਾਮਾ ਜੀ ਹਨ, ਜੋ ਯੂਨੀਵਰਸਿਟੀ ਦੇ ਫੋਰੈਂਸਿਕ ਵਿਭਾਗ ਦੇ ਮੁਖੀ ਰਹਿ ਚੁੱਕੇ ਹਨ। ਹਮੇਸ਼ਾ ਹੀ ਉਨ੍ਹਾਂ ਦੀ ਗੱਲ ਵਿੱਚ ਵਜ਼ਨ ਹੁੰਦਾ ਹੈ। ਬਾਹਰਲੇ ਲੋਕ ਉਨ੍ਹਾਂ ਨਾਲ ਗੱਲ ਕਰਨ ਅਤੇ ਰਾਏ ਲੈਣ ਨੂੰ ਤਰਸਦੇ ਹਨ, ਪਰ ਸਾਡੇ ਲਈ ਤਾਂ 'ਘਰ ਦਾ ਜੋਗੀ ਜੋਗੜਾ, ਬਾਹਰ ਦਾ ਸਿੱਧ' ਵਾਲੀ ਗੱਲ ਹੈ। ਗੱਲ ਬਿਲਕੁਲ ਸਹੀ ਹੈ, ਹਰ ਸ਼ਹਿਰ ਵਿੱਚ ਕਿੰਨੇ ਹੀ ਹਸਪਤਾਲ, ਲੈਬਾਰਟਰੀਆਂ ਅਤੇ ਸੀ.ਟੀ. ਸਕੈਨ ਸੈਂਟਰ ਹੁੰਦੇ ਹਨ। ਸਪੈਸ਼ਲਿਸਟ ਹੀ ਨਹੀਂ, ਸਗੋਂ ਸੁਪਰ-ਸਪੈਸ਼ਲਿਸਟ ਡਾਕਟਰ ਮੌਜੂਦ ਹਨ, ਪਰ ਉਹ ਸਿਰਫ਼ ਆਪਣੇ ਸਬੰਧਿਤ ਵਿਸ਼ੇ ਦੇ ਹੀ ਮਾਹਿਰ ਹੁੰਦੇ ਹਨ—ਕੋਈ ਹੱਡੀਆਂ ਦਾ, ਕੋਈ ਦਿਲ ਦੇ ਰੋਗਾਂ ਦਾ, ਕੋਈ ਗੁਰਦਿਆਂ ਦਾ, ਕੋਈ ਛਾਤੀ ਦਾ, ਕੋਈ ਸ਼ੂਗਰ ਤੇ ਥਾਇਰਾਇਡ ਦਾ, ਕੋਈ ਦਿਮਾਗ ਦਾ ਅਤੇ ਕੋਈ ਕੈਂਸਰ ਦਾ। ਅੱਖਾਂ, ਕੰਨਾਂ ਅਤੇ ਦੰਦਾਂ ਵਾਲੇ ਡਾਕਟਰ ਤਾਂ ਹੁੰਦੇ ਹੀ ਅਲੱਗ ਹਨ।



ਪਹਿਲਾਂ ਲੋਕਾਂ ਕੋਲ ਸਾਈਕਲ ਹੁੰਦੇ ਸਨ। ਬੱਸ ਪੈਂਚਰ ਲਗਵਾਉਣ ਅਤੇ ਚੇਨ ਕਸਵਾਉਣ ਦੀ ਲੋੜ ਪੈਂਦੀ ਸੀ। ਦੋ-ਤਿੰਨ ਸਾਲਾਂ ਬਾਅਦ ਕੋਸ਼ਿਸ਼ ਹੁੰਦੀ ਕਿ ਸਾਈਕਲ ਨੂੰ 'ਓਵਰਹਾਲ' ਕਰਵਾਇਆ ਜਾਵੇ। ਉਹ ਮਕੈਨਿਕ ਸਾਰਾ ਸਾਈਕਲ ਖੋਲ੍ਹ ਕੇ ਧੋ ਦਿੰਦਾ ਅਤੇ ਗਰੀਸ ਵੀ ਕਰ ਦਿੰਦਾ। ਸੌਂਹ ਰੱਬ ਦੀ, ਨਵੇਂ ਸਾਈਕਲ ਵਰਗਾ ਅਹਿਸਾਸ ਹੁੰਦਾ ਸੀ। ਇਸੇ ਤਰ੍ਹਾਂ ਪੁਰਾਣੇ ਸਮਿਆਂ ਵਿੱਚ ਵੈਦ ਤੇ ਹਕੀਮ ਹੁੰਦੇ ਸਨ, ਜੋ ਸਿਰਫ਼ ਨਾੜੀ (ਨਬਜ਼) ਵੇਖ ਕੇ ਬਿਮਾਰੀ ਲੱਭ ਲੈਂਦੇ ਸਨ। ਫਿਰ ਉਹ ਵੱਖ-ਵੱਖ ਜੜ੍ਹੀ-ਬੂਟੀਆਂ ਤੇ ਦਵਾਈਆਂ ਮਿਲਾ ਕੇ ਪੁੜੀਆਂ ਬਣਾ ਦਿੰਦੇ ਸਨ। ਅੱਜ ਵਾਂਗ ਗੋਲੀਆਂ ਜਾਂ ਕੈਪਸੂਲ ਨਹੀਂ ਹੁੰਦੇ ਸਨ, ਜਿਹੜੇ ਵੱਖ-ਵੱਖ ਸਮੇਂ 'ਤੇ ਅਲੱਗ-ਅਲੱਗ ਖਾਣੇ ਪੈਂਦੇ ਹਨ। ਅੱਜ-ਕੱਲ੍ਹ ਤਾਂ ਦਵਾਈਆਂ ਦਾ ਥੱਬਾ ਮਿਲ ਜਾਂਦਾ ਹੈ—ਨਿਰਣੇ ਕਾਲਜੇ (ਖਾਲੀ ਪੇਟ), ਨਾਸ਼ਤੇ ਤੋਂ ਪਹਿਲਾਂ, ਰੋਟੀ ਤੋਂ ਬਾਅਦ, ਸ਼ਾਮੀਂ ਰੋਟੀ ਤੋਂ ਪਹਿਲਾਂ ਅਤੇ ਸੌਣ ਲੱਗਿਆਂ। ਬਿਮਾਰ ਬੰਦਾ ਇਹ ਹਿਸਾਬ ਰੱਖਦਾ-ਰੱਖਦਾ ਹੀ ਪਾਗਲ ਹੋ ਜਾਂਦਾ ਹੈ।

ਸੱਚਮੁੱਚ! ਕੋਈ ਇਹੋ ਜਿਹਾ 'ਸਰੀਰਕ ਮਕੈਨਿਕ' ਹੋਵੇ, ਜੋ ਇੱਕੋ ਵਾਰੀ ਸਰੀਰ ਨੂੰ ਓਵਰਹਾਲ ਕਰਕੇ ਨਵਾਂ-ਨਕੋਰ ਬਣਾ ਦੇਵੇ। ਜਾਂ ਫਿਰ ਉਹ ਵੈਦ-ਹਕੀਮ ਦੁਬਾਰਾ ਜਨਮ ਲੈਣ, ਜਿਹੜੇ ਨਬਜ਼ ਵੇਖ ਕੇ ਹੀ ਪੁੜੀਆਂ ਦੇ ਦਿੰਦੇ ਸਨ। ਨਾ ਕੋਈ ਖ਼ੂਨ, ਬਲਗਮ, ਪਿਸ਼ਾਬ ਜਾਂ ਪੋਟੀ ਦਾ ਟੈਸਟ ਹੋਵੇ ਅਤੇ ਨਾ ਹੀ ਐਕਸ-ਰੇ, ਸੀ.ਟੀ. ਸਕੈਨ, ਅਲਟਰਾਸਾਊਂਡ, ਐਂਜੀਓਗ੍ਰਾਫੀ, ਈ.ਸੀ.ਜੀ. ਤੇ ਈਕੋ ਵਗੈਰਾ ਦਾ ਕੋਈ ਝੰਜਟ ਹੋਵੇ।

ਊਂ ਗੱਲ ਆ ਇੱਕ!



**ਰਮੇਸ਼ ਸੇਠੀ ਬਾਦਲ**
9876627233

# ਸਮੁੰਦਰੀ ਕਿਨਾਰਿਆਂ ਨੇੜੇ ਭੂਰੇ ਪੈਲਿਕਨਾਂ ਦੀ ਵਧੀ ਆਮਦ ਨੇ ਪੰਛੀ ਪ੍ਰੇਮੀਆਂ ਦੀ ਦਿਲਚਸਪੀ ਵਧਾਈ

**ਵੈਨਕੂਵਰ, 26 ਜੁਲਾਈ (ਮਲਕੀਤ ਸਿੰਘ)** – ਮੈਟਰੋ ਵੈਨਕੂਵਰ ਦੇ ਸਮੁੰਦਰੀ ਤੱਟਾਂ ਅਤੇ ਜਲ-ਖੇਤਰਾਂ ਵਿੱਚ ਇਨ੍ਹਾਂ ਦਿਨਾਂ ਭੂਰੇ ਪੈਲਿਕਨਾਂ ਦੀ ਗਿਣਤੀ ਆਮ ਨਾਲੋਂ ਵੱਧ ਨਜ਼ਰ ਆ ਰਹੀ ਹੈ, ਜਿਸ ਕਾਰਨ ਪੰਛੀ ਪ੍ਰੇਮੀਆਂ ਅਤੇ ਜੰਗਲੀ ਜੀਵਾਂ ਦੇ ਮਾਹਿਰਾਂ ਵਿੱਚ ਖਾਸ ਦਿਲਚਸਪੀ ਵੇਖੀ ਜਾ ਰਹੀ ਹੈ। ਇਹ ਵੱਡੇ ਆਕਾਰ ਦੇ ਸਮੁੰਦਰੀ ਪੰਛੀ ਆਮ ਤੌਰ 'ਤੇ ਕੈਲੀਫੋਰਨੀਆ, ਅਮਰੀਕਾ ਦੇ ਪੱਛਮੀ ਤੱਟ ਅਤੇ ਮੈਕਸੀਕੋ ਦੇ ਇਲਾਕਿਆਂ ਵਿੱਚ ਵੱਧ ਮਿਲਦੇ ਹਨ, ਪਰ ਗਰਮੀਆਂ ਦੌਰਾਨ ਕੁਝ ਪੈਲਿਕਨ ਬ੍ਰਿਟਿਸ਼ ਕੋਲੰਬੀਆ ਦੇ ਤੱਟੀ ਖੇਤਰਾਂ ਤੱਕ ਵੀ ਪਹੁੰਚ ਜਾਂਦੇ ਹਨ। ਪੰਛੀ ਮਾਹਿਰਾਂ ਦਾ ਕਹਿਣਾ ਹੈ ਕਿ ਸਮੁੰਦਰੀ ਪਾਣੀਆਂ ਦੇ ਤਾਪਮਾਨ ਵਿੱਚ ਤਬਦੀਲੀਆਂ, ਮੱਛੀਆਂ ਦੀ



ਭੂਰੇ ਪੈਲਿਕਨਾਂ ਦੀ ਇੱਕ ਖੂਬਸੂਰਤ ਤਸਵੀਰ।

ਉਪਲਬਧਤਾ ਅਤੇ ਮੌਸਮੀ ਹਾਲਾਤਾਂ ਕਾਰਨ ਇਹ ਪੰਛੀ ਆਪਣੇ ਰਵਾਇਤੀ ਖੇਤਰਾਂ ਤੋਂ ਉੱਤਰ ਵੱਲ ਆ ਰਹੇ ਹਨ। ਹਾਲੀਆ ਹਫ਼ਤਿਆਂ ਵਿੱਚ ਡੈਲਟਾ, ਸਰੀ ਅਤੇ ਵੈਨਕੂਵਰ ਦੇ ਤੱਟੀ ਇਲਾਕਿਆਂ ਵਿੱਚ ਇਹਨਾਂ ਦੀ ਬਹੁਤਾਤ ਵੇਖੀ ਗਈ ਹੈ। ਜੰਗਲੀ ਜੀਵ ਮਾਹਿਰਾਂ ਦਾ ਕਹਿਣਾ ਹੈ ਕਿ ਭੂਰੇ ਪੈਲਿਕਨਾਂ ਨੂੰ ਨੇੜਿਓਂ ਦੇਖਣਾ ਬਹੁਤ ਹੀ ਦੁਰਲੱਭ ਤਜਰਬਾ ਹੁੰਦਾ ਹੈ। ਇਨ੍ਹਾਂ ਦੇ ਲੰਬੇ ਚੁੰਝ, ਗਲੇ ਹੇਠਾਂ ਵੱਡੀ ਥੈਲੀ ਅਤੇ ਪਾਣੀ ਵਿੱਚ ਗੋਤਾ ਲਗਾ ਕੇ ਮੱਛੀ ਫੜਨ ਦਾ ਢੰਗ ਲੋਕਾਂ ਨੂੰ ਖੂਬ ਆਕਰਸ਼ਿਤ ਕਰ ਰਿਹਾ ਹੈ। ਜੰਗਲੀ ਜੀਵ ਮਾਹਿਰਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹ ਭੂਰੇ ਪੈਲਿਕਨ ਵੇਖਣ ਤਾਂ ਉਨ੍ਹਾਂ ਤੋਂ ਸੁਰੱਖਿਅਤ ਦੂਰੀ ਬਣਾਈ ਰੱਖਣ, ਉਨ੍ਹਾਂ ਨੂੰ ਖਾਣਾ ਨਾ ਪਾਉਣ ਅਤੇ ਕੁਦਰਤੀ ਮਾਹੌਲ ਵਿੱਚ ਹੀ ਰਹਿਣ ਦੇਣ, ਤਾਂ ਜੋ ਪੰਛੀਆਂ ਦੇ ਵਿਹਾਰ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਪਵੇ।

# ਸ਼੍ਰੋਮਣੀ ਅਕਾਲੀ ਦਲ ਨੇ ਬਲਾਚੌਰ 'ਚ ਨੌਜਵਾਨੀ 'ਤੇ ਜਤਾਇਆ ਭਰੋਸਾ: ਪ੍ਰਸ਼ਾਂਤ ਚੌਧਰੀ ਨੂੰ ਆਈ.ਟੀ. ਵਿੰਗ ਦੀ ਜ਼ਿੰਮੇਵਾਰੀ: ਸੰਦੀਪ ਹਨੀ ਟੌਂਸਾ

**ਬਲਾਚੌਰ, 26 ਜੁਲਾਈ( ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਡਿਜੀਟਲ ਪਲੇਟਫਾਰਮ ਨਾਲ ਜੋੜਨ ਲਈ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਥੇਬੰਦਕ ਨਿਯੁਕਤੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਬਲਾਚੌਰ ਵਿਖੇ ਹਲਕਾ ਇੰਚਾਰਜ ਸੰਦੀਪ ਚੌਧਰੀ (ਹਨੀ ਟੌਂਸਾ) ਦੀ ਅਗਵਾਈ ਹੇਠ ਕਰਵਾਏ ਗਏ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਪਾਰਟੀ ਦੇ ਮਿਹਨਤੀ ਆਗੂ ਪ੍ਰਸ਼ਾਂਤ ਚੌਧਰੀ ਨੂੰ ਹਲਕਾ ਬਲਾਚੌਰ ਸ਼੍ਰੋਮਣੀ ਅਕਾਲੀ ਦਲ ਦੇ ਆਈ.ਟੀ. ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਹਲਕੇ ਦੀ ਸੀਨੀਅਰ ਲੀਡਰਸ਼ਿਪ ਨੇ ਨਵ-ਨਿਯੁਕਤ ਪ੍ਰਧਾਨ ਨੂੰ ਸਿਰੋਪਾਓ ਭੇਂਟ ਕਰਕੇ ਅਤੇ ਨਿਯੁਕਤੀ ਪੱਤਰ ਸੌਂਪ ਕੇ ਨਿੱਘਾ ਸਵਾਗਤ ਕੀਤਾ। ਪ੍ਰੋਗਰਾਮ ਦੌਰਾਨ ਸਰਦਾਰ ਸਤਨਾਮ ਸਿੰਘ (ਰਿਟਾਇਰਡ ਡੀ.ਐਸ.ਪੀ. ਤੇ ਸੀਨੀਅਰ ਅਕਾਲੀ ਆਗੂ), ਤਰਲੋਚਨ ਸਿੰਘ ਰੱਕੜ (ਸਾਬਕਾ ਚੇਅਰਮੈਨ, ਮਾਰਕੀਟ ਕਮੇਟੀ), ਬਿਮਲ ਕੁਮਾਰ



(ਚੇਅਰਮੈਨ), ਅਵਤਾਰ ਸਿੰਘ ਨੀਲੇ ਬਾੜੇ, ਬਿੱਟੂ ਹਕਲਾ, ਨਰਿੰਦਰ ਚੇਚੀ (ਜ਼ਿਲ੍ਹਾ ਪ੍ਰਧਾਨ, ਬੀ.ਸੀ. ਵਿੰਗ ਸ਼ਹਿਰੀ), ਦਲਜੀਤ ਸਿੰਘ ਮਾਨੇਵਾਲ ਸਮੇਤ ਕਈ ਪ੍ਰਮੁੱਖ ਆਗੂ ਹਾਜ਼ਰ ਸਨ ਇਸ ਮੌਕੇ ਹਲਕਾ ਇੰਚਾਰਜ ਸੰਦੀਪ ਚੌਧਰੀ ਹਨੀ ਟੌਂਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਆਧੁਨਿਕ ਦੌਰ ਵਿੱਚ ਸੋਸ਼ਲ ਮੀਡੀਆ ਅਤੇ ਆਈ.ਟੀ. ਵਿੰਗ ਦੀ ਭੂਮਿਕਾ ਬਹੁਤ ਅਹਿਮ ਹੋ ਚੁੱਕੀ ਹੈ। ਉਨ੍ਹਾਂ ਉਮੀਦ ਜਤਾਈ ਕਿ ਪ੍ਰਸ਼ਾਂਤ ਚੌਧਰੀ ਪਾਰਟੀ ਦੀਆਂ ਨੀਤੀਆਂ ਅਤੇ ਘਾਲਣਾਂ ਨੂੰ ਨਵੀਂ ਤਕਨਾਲੋਜੀ ਦੇ ਜ਼ਰੀਏ ਘਰ-ਘਰ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। । ਆਪਣੀ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਨਵ-ਨਿਯੁਕਤ ਪ੍ਰਧਾਨ ਪ੍ਰਸ਼ਾਂਤ ਚੌਧਰੀ ਨੇ ਪਾਰਟੀ ਹਾਈਕਮਾਂਡ, ਜ਼ਿਲ੍ਹਾ ਲੀਡਰਸ਼ਿਪ ਅਤੇ ਹਲਕਾ ਇੰਚਾਰਜ ਸੰਦੀਪ ਚੌਧਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕੇ "ਮੇਰੇ ਵਰਗੇ ਇੱਕ ਸਾਧਾਰਨ ਵਰਕਰ 'ਤੇ ਇੰਨਾ ਵੱਡਾ ਭਰੋਸਾ ਜਤਾਉਣ ਲਈ ਮੈਂ ਲੀਡਰਸ਼ਿਪ ਦਾ ਧੰਨਵਾਦੀ ਹਾਂ। ਮੈਂ ਪੂਰੀ ਤਨਦੇਹੀ, ਇਮਾਨਦਾਰੀ ਅਤੇ ਲਗਨ ਨਾਲ ਆਈ.ਟੀ. ਵਿੰਗ ਨੂੰ ਮਜ਼ਬੂਤ ਕਰਾਂਗਾ ਅਤੇ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਇੱਕ ਕਰ ਦਿਆਂਗਾ।" ਇਸ ਖ਼ੁਸ਼ੀ ਦੇ ਮੌਕੇ 'ਤੇ ਸੀਨੀਅਰ ਆਗੂਆਂ ਨੇ ਪ੍ਰਸ਼ਾਂਤ ਚੌਧਰੀ ਦਾ ਮੂੰਹ ਲੱਡੂਆਂ ਨਾਲ ਮਿੱਠਾ ਕਰਵਾ ਕੇ ਵਧਾਈ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ , ਗੌਰਵ ਚੌਹਾਨ, ਅਜੀਤ ਰਾਮ ਨੀਲੇਵਾਰੇ, ਜਤਿੰਦਰ ਕੁਮਾਰ ਕਾਲਾ, ਜੱਪੀ ਗੁੱਜਰ, ਇੰਦਰਜੀਤ, ਕੁਲਦੀਪ ਸਿੰਘ, ਵਰਿੰਦਰ ਭਿੰਡਰ, ਗੌਤਮ ਭਾਟੀਆ, ਵਨੀਤ, ਜਸਕਰਨ ਭਿੰਡਰ, ਵਰਿੰਦਰ ਸੈਣੀ, ਗੌਰਵ ਪੰਡਤ, ਲਾਲੀ ਫਤਿਹਪੁਰ, ਦਿਵਾਂਸ਼ ਪ੍ਰਭ ਟੌਂਸਾ, ਅੰਕੁਸ਼ ਟੌਂਸਾ, ਯੁਵੀ ਟੌਂਸਾ, ਅੰਮ੍ਰਿਤਪਾਲ ਅਤੇ ਰੋਹਿਤ ਭਾਟੀਆ ਸਮੇਤ ਭਾਰੀ ਗਿਣਤੀ ਵਿੱਚ ਵਰਕਰ ਮੌਜੂਦ ਸਨ।

# ਬੀਬਾ ਹਰਸਿਮਰਤ ਕੌਰ ਬਾਦਲ ਨੂੰ ਜਨਮਦਿਨ ਦੀਆਂ ਮੁਬਾਰਕਾਂ: ਡਾ. ਗੁਰਪ੍ਰੀਤ ਕੌਰ ਥਿਆੜਾ ਅਤੇ ਰਮਨਦੀਪ ਸਿੰਘ ਥਿਆੜਾ ਵੱਲੋਂ ਚੰਡੀਗੜ੍ਹ ਪਹੁੰਚ ਕੇ ਦਿੱਤੀਆਂ ਵਧਾਈਆਂ

**ਨਵਾਂਸ਼ਹਿਰ , 26 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਸ਼੍ਰੋਮਣੀ ਅਕਾਲੀ ਦਲ ਦੀ ਪ੍ਰਮੁੱਖ ਆਗ, ਸਾਬਕਾ ਕੇਂਦਰੀ ਮੰਤਰੀ ਅਤੇ ਸੰਸਰ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਉਨ੍ਹਾਂ ਦੇ ਜਨਮਦਿਨ 'ਤੇ ਦੇਸ਼-ਵਿਦੇਸ਼ ਤੋਂ ਸ਼ੁਭਕਾਮਨਾਵਾਂ ਭੇਜੀਆਂ ਜਾ ਰਹੀਆਂ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡਾ. ਗੁਰਪ੍ਰੀਤ ਕੌਰ ਥਿਆੜਾ ਅਤੇ ਉਨ੍ਹਾਂ ਦੇ ਛੋਟੇ ਭਰਾ ਰਮਨਦੀਪ ਸਿੰਘ ਥਿਆੜਾ ਨੇ ਚੰਡੀਗੜ੍ਹ ਪਹੁੰਚ ਕੇ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਜਨਮਦਿਨ ਦੀਆਂ



ਹਾਰਦਿਕ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ।ਇਸ ਮੁਲਾਕਾਤ ਦੌਰਾਨ ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਬੀਬਾ ਬਾਦਲ ਨੂੰ ਚੰਗੀ ਸਿਹਤ ਅਤੇ ਸਦਾ ਚੜ੍ਹਦੀਕਲਾ ਬਖ਼ਸ਼ਣ, ਤਾਂ ਜੋ ਉਹ ਪੰਜਾਬ ਦੀ ਭਲਾਈ ਅਤੇ ਤਰੱਕੀ ਲਈ ਇਸੇ ਤਰ੍ਹਾਂ ਆਪਣਾ ਅਹਿਮ ਯੋਗਦਾਨ ਪਾਉਂਦੇ ਰਹਿਣ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਆਗੂਆਂ ਨੇ ਇਸ ਮੌਕੇ ਆਪਸੀ ਵਿਚਾਰਾਂ ਦੀ ਸਾਂਝ ਵੀ ਪਾਈ ਅਤੇ ਬੀਬਾ ਬਾਦਲ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਸਕੂਲ ਆਫ ਐਮੀਨੈਂਸ ਬਲਾਚੌਰ ਵਿਖੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੰਡੇ ਗਏ ਸਕੂਲ ਬੈਗ: ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਕੀਤਾ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ

**ਬਲਾਚੌਰ, 26 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)**: ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਹੋ ਰਹੇ ਨਵੇਂ ਸੁਧਾਰਾਂ ਅਤੇ ਵਿਦਿਆਰਥੀਆਂ ਨੂੰ ਪੜ੍ਹਾਈ ਪ੍ਰਤੀ ਹੋਰ ਉਤਸ਼ਾਹਿਤ ਕਰਨ ਦੇ ਉਦੇਸ਼ ਤਹਿਤ ਅੱਜ ਸਕੂਲ ਆਫ ਐਮੀਨੈਂਸ ਬਲਾਚੌਰ ਵਿਖੇ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਪੜ੍ਹਦੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ ਗਏ, ਜਿਸ ਨਾਲ ਬੱਚਿਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ




ਵਿਧਾਇਕ ਸੰਤੋਸ਼ ਕਟਾਰੀਆ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਾਨ ਸਰਕਾਰ ਸੂਬੇ ਵਿੱਚ ਸਿੱਖਿਆ ਦੇ ਖੇਤਰ ਨੂੰ ਹੋਰ ਮਜ਼ਬੂਤ ਅਤੇ ਮਿਆਰੀ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਟੀਚਾ ਹਰ ਵਿਦਿਆਰਥੀ ਨੂੰ ਬਿਹਤਰ ਸਹੂਲਤਾਂ ਅਤੇ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਬੱਚੇ ਆਪਣੇ ਸੁਪਨੇ ਪੂਰੇ ਕਰ ਸਕਣ। ਇਸ ਮੌਕੇ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੇ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਦਾ ਇਸ ਭਲਾਈ ਕਾਰਜ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਕੰਮਕਾਜ ਵਾਲੀਆਂ ਥਾਵਾਂ 'ਤੇ ਗੈਰ-ਨੈਤਿਕ ਆਲੋਚਨਾ

ਅਜੋਕੇ ਸਮੇਂ ਵਿੱਚ ਕਿਸੇ ਵੀ ਸਮਾਜ ਦੀ ਤਰੱਕੀ ਉਸ ਦੀਆਂ ਸੰਸਥਾਵਾਂ ਦੀ ਕਾਰਗੁਜ਼ਾਰੀ 'ਤੇ ਨਿਰਭਰ ਕਰਦੀ ਹੈ। ਸਕੂਲ, ਸਰਕਾਰੀ ਦਫ਼ਤਰ, ਹਸਪਤਾਲ, ਉਦਯੋਗ ਅਤੇ ਨਿੱਜੀ ਸੰਸਥਾਵਾਂ ਤਦ ਹੀ ਸਫ਼ਲ ਹੋ ਸਕਦੀਆਂ ਹਨ ਜਦੋਂ ਉੱਥੇ ਕੰਮ ਕਰਨ ਵਾਲੇ ਲੋਕ ਆਪਸੀ ਸਤਿਕਾਰ, ਭਰੋਸੇ ਅਤੇ ਸਹਿਯੋਗ ਦੀ ਭਾਵਨਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ।

ਰਚਨਾਤਮਕ ਆਲੋਚਨਾ ਹਰ ਸੰਸਥਾ ਦੀ ਤਰੱਕੀ ਲਈ ਜ਼ਰੂਰੀ ਹੈ, ਪਰ ਜਦੋਂ ਆਲੋਚਨਾ ਆਪਣਾ ਨੈਤਿਕ ਆਧਾਰ ਗੁਆ ਬੈਠਦੀ ਹੈ ਅਤੇ ਨਿੱਜੀ ਹਮਲਿਆਂ, ਅਪਮਾਨ, ਈਰਖਾ ਜਾਂ ਬਦਨਾਮ ਕਰਨ ਦਾ ਸਾਧਨ ਬਣ ਜਾਂਦੀ ਹੈ, ਤਾਂ ਇਹ ਨਾ ਸਿਰਫ਼ ਵਿਅਕਤੀ, ਸਗੋਂ ਪੂਰੀ ਸੰਸਥਾ ਲਈ ਵਿਨਾਸ਼ਕਾਰੀ ਸਾਬਤ ਹੁੰਦੀ ਹੈ।

ਅੱਜ ਦੇ ਮੁਕਾਬਲੇ ਭਰੇ ਦੌਰ ਵਿੱਚ ਕੰਮਕਾਜ ਵਾਲੀਆਂ ਥਾਵਾਂ 'ਤੇ ਗੈਰ-ਨੈਤਿਕ ਆਲੋਚਨਾ ਇੱਕ ਅਜਿਹੀ ਸਮੱਸਿਆ ਵਜੋਂ ਉਭਰ ਰਹੀ ਹੈ, ਜਿਸ ਬਾਰੇ ਘੱਟ ਚਰਚਾ ਹੁੰਦੀ ਹੈ, ਪਰ ਇਸ ਦੇ ਪ੍ਰਭਾਵ ਬਹੁਤ ਡੂੰਘੇ ਹੁੰਦੇ ਹਨ। ਕਿਸੇ ਕਰਮਚਾਰੀ ਦੀ ਲਗਾਤਾਰ ਬੇਵਜ੍ਹਾ ਆਲੋਚਨਾ ਕਰਨਾ, ਉਸ ਦੇ ਹਰ ਕੰਮ ਵਿੱਚ ਨੁਕਸ ਕੱਢਣਾ, ਆਲੋਚਨਾ ਕਰਨਾ, ਪਿੱਠ ਪਿੱਛੇ ਚੁਗਲੀਆਂ ਕਰਨਾ ਜਾਂ ਉਸ ਦੀ ਯੋਗਤਾ 'ਤੇ ਸਵਾਲ ਉਠਾਉਣਾ ਮਾਨਸਿਕ ਉਤਪੀੜਨ ਦਾ ਇੱਕ ਰੂਪ ਹੈ। ਅਜਿਹੇ ਵਿਉਹਾਰ ਦੇ ਜ਼ਖ਼ਮ ਦਿਖਾਈ ਨਹੀਂ ਦਿੰਦੇ, ਪਰ ਇਹ ਮਨ ਅਤੇ ਸ਼ਖ਼ਸੀਅਤ ਨੂੰ ਅੰਦਰੋਂ ਕਮਜ਼ੋਰ ਕਰ ਦਿੰਦੇ ਹਨ।

ਮਨੋਵਿਗਿਆਨ ਦੱਸਦਾ ਹੈ ਕਿ ਹਰ ਮਨੁੱਖ ਨੂੰ ਸਵੀਕਾਰਤਾ, ਸਤਿਕਾਰ ਅਤੇ ਪ੍ਰਸ਼ੰਸਾ ਦੀ ਲੋੜ ਹੁੰਦੀ ਹੈ। ਜਦੋਂ ਕਿਸੇ ਵਿਅਕਤੀ ਨੂੰ ਵਾਰ-ਵਾਰ ਗੈਰ-ਵਾਜਬ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਉਹ ਆਪਣੇ ਆਪ 'ਤੇ ਹੀ ਸ਼ੱਕ ਕਰਨ ਲੱਗ ਪੈਂਦਾ ਹੈ। ਆਤਮ-ਵਿਸ਼ਵਾਸ ਘੱਟਦਾ ਹੈ, ਫ਼ੈਸਲੇ ਲੈਣ ਦੀ ਸਮਰੱਥਾ ਕਮਜ਼ੋਰ ਹੁੰਦੀ ਹੈ ਅਤੇ ਹੌਲੀ-ਹੌਲੀ ਉਹ ਤਣਾਅ, ਚਿੰਤਾ, ਨੀਂਦ ਦੀ ਕਮੀ ਅਤੇ ਡਿਪ੍ਰੈਸ਼ਨ ਵਰਗੀਆਂ ਸਮੱਸਿਆਵਾਂ ਦਾ ਸ਼ਿਕਾਰ ਹੋ ਸਕਦਾ ਹੈ। ਕਈ ਵਾਰ ਇਹ ਮਾਨਸਿਕ ਦਬਾਅ ਇੰਨਾ ਵੱਧ ਜਾਂਦਾ ਹੈ ਕਿ ਵਿਅਕਤੀ ਨੂੰ ਪੇਸ਼ੇਵਰ ਮਾਨਸਿਕ ਸਿਹਤ ਸਹਾਇਤਾ ਦੀ ਲੋੜ ਪੈ ਜਾਂਦੀ ਹੈ।

ਸਵਾਲ ਇਹ ਵੀ ਹੈ ਕਿ ਕੁਝ ਲੋਕ ਬਿਨਾਂ ਕਿਸੇ ਵਾਜਬ ਕਾਰਨ ਦੇ ਆਪਣੇ ਸਹਿਕਰਮੀਆਂ ਦੀ ਆਲੋਚਨਾ ਕਿਉਂ ਕਰਦੇ ਹਨ? ਮਨੋਵਿਗਿਆਨਕ ਅਧਿਐਨ ਦਰਸਾਉਂਦੇ ਹਨ ਕਿ ਇਸ ਦੇ ਪਿੱਛੇ ਅਕਸਰ ਆਲੋਚਨਾ ਕਰਨ ਵਾਲੇ ਦੀ ਆਪਣੀ ਅਸੁਰੱਖਿਆ, ਹੀਣ ਭਾਵਨਾ, ਈਰਖਾ, ਅਹੁਦੇ ਦਾ ਡਰ, ਨਿੱਜੀ ਤਣਾਅ ਜਾਂ ਭਾਵਨਾਤਮਕ ਪਰਿਪੱਕਤਾ ਦੀ ਘਾਟ ਹੁੰਦੀ ਹੈ। ਜਿੱਥੇ ਸੰਸਥਾਵਾਂ ਵਿੱਚ ਪੱਖਪਾਤ, ਚੁਗਲਖੋਰੀ ਅਤੇ ਗੈਰ-ਸਿਹਤਮੰਦ ਮੁਕਾਬਲੇ ਨੂੰ ਪ੍ਰੋਤਸਾਹਨ ਮਿਲਦਾ ਹੈ, ਉੱਥੇ ਇਹ ਸਮੱਸਿਆ ਹੋਰ ਵੀ ਗੰਭੀਰ ਰੂਪ ਧਾਰ ਲੈਂਦੀ ਹੈ।

ਇਹ ਮੰਨਣਾ ਵੀ ਗਲਤ ਹੈ ਕਿ ਆਲੋਚਨਾ ਦਾ ਮੁੱਖ ਕਾਰਨ ਸਿਰਫ਼ ਕਰਮਚਾਰੀ ਦੀ ਅਯੋਗਤਾ ਹੁੰਦੀ ਹੈ। ਅਸਲ ਵਿੱਚ ਕਈ ਵਾਰ ਸਭ ਤੋਂ ਵੱਧ ਆਲੋਚਨਾ ਉਹਨਾਂ ਲੋਕਾਂ ਦੀ ਹੁੰਦੀ ਹੈ ਜੋ ਯੋਗ, ਮਿਹਨਤੀ, ਨਵੀਨ ਸੋਚ ਵਾਲੇ ਅਤੇ ਹਰਮਨ ਪਿਆਰੇ ਹੁੰਦੇ ਹਨ। ਉਨ੍ਹਾਂ ਦੀ ਸਫ਼ਲਤਾ ਦੂਜਿਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਸਕਦੀ ਹੈ। ਦੂਜੇ ਪਾਸੇ, ਨਵੇਂ ਜਾਂ ਘੱਟ ਅਨੁਭਵੀ ਕਰਮਚਾਰੀਆਂ ਦੀਆਂ ਗਲਤੀਆਂ ਨੂੰ ਸਿੱਖਣ ਦਾ ਮੌਕਾ ਬਣਾਉਣ ਦੀ ਬਜਾਏ ਜੇ ਅਪਮਾਨ ਦਾ ਸਾਧਨ ਬਣਾਇਆ ਜਾਵੇ, ਤਾਂ ਇਹ ਸੰਸਥਾ ਦੀ ਕਮਜ਼ੋਰ ਲੀਡਰਸ਼ਿਪ ਦਾ ਪ੍ਰਤੀਕ ਹੈ।

ਇਸ ਦੇ ਨੁਕਸਾਨ ਸਿਰਫ਼ ਇੱਕ ਕਰਮਚਾਰੀ ਤੱਕ ਸੀਮਿਤ ਨਹੀਂ ਰਹਿੰਦੇ। ਪੂਰੇ ਸੰਗਠਨ ਦਾ ਮਾਹੌਲ ਪ੍ਰਭਾਵਿਤ ਹੁੰਦਾ ਹੈ। ਟੀਮ ਵਰਕ ਕਮਜ਼ੋਰ ਪੈਂਦਾ ਹੈ, ਨਵੀਨਤਾ ਰੁਕ ਜਾਂਦੀ ਹੈ, ਕਰਮਚਾਰੀਆਂ ਦਾ ਮਨੋਬਲ ਡਿੱਗਦਾ ਹੈ, ਗੈਰਹਾਜ਼ਰੀ ਵੱਧਦੀ ਹੈ ਅਤੇ ਯੋਗ ਕਰਮਚਾਰੀ ਸੰਸਥਾ ਛੱਡਣ ਲਈ ਮਜਬੂਰ ਹੋ ਜਾਂਦੇ ਹਨ। ਇਸ ਦਾ ਸਿੱਧਾ ਪ੍ਰਭਾਵ ਸੰਸਥਾ ਦੀ ਕਾਰਗੁਜ਼ਾਰੀ ਅਤੇ ਭਰੋਸੇਯੋਗਤਾ 'ਤੇ ਪੈਂਦਾ ਹੈ।

ਸਮੇਂ ਦੀ ਲੋੜ ਹੈ ਕਿ ਹਰ ਸੰਸਥਾ ਮਨੋਵਿਗਿਆਨਕ ਤੌਰ 'ਤੇ ਸੁਰੱਖਿਅਤ ਕੰਮਕਾਜੀ ਮਾਹੌਲ ਬਣਾਉਣ ਨੂੰ ਆਪਣੀ ਪਹਿਲ ਬਣਾਏ। ਰਚਨਾਤਮਕ ਅਤੇ ਤੱਥਾਂ 'ਤੇ ਆਧਾਰਿਤ ਫੀਡਬੈਕ ਨੂੰ ਉਤਸ਼ਾਹਿਤ ਕੀਤਾ ਜਾਵੇ, ਆਪਸੀ ਵਿਵਾਦਾਂ ਦਾ ਨਿਰਪੱਖ ਹੱਲ ਕੀਤਾ ਜਾਵੇ, ਭਾਵਨਾਤਮਕ ਬੁੱਧੀ ਅਤੇ ਪ੍ਰਭਾਵਸ਼ਾਲੀ ਸੰਚਾਰ ਬਾਰੇ ਸਿਖਲਾਈ ਦਿੱਤੀ ਜਾਵੇ ਅਤੇ ਲੋੜ ਪੈਣ 'ਤੇ ਮਾਨਸਿਕ ਸਿਹਤ ਸਹਾਇਤਾ ਉਪਲੱਬਧ ਕਰਵਾਈ ਜਾਵੇ। ਨਾਲ ਹੀ, ਹਰ ਕਰਮਚਾਰੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸ਼ਬਦਾਂ ਦੀ ਚੋਣ ਵੀ ਇੱਕ ਨੈਤਿਕ ਜ਼ਿੰਮੇਵਾਰੀ ਹੈ।

ਸ਼ਬਦ ਮਨੁੱਖ ਦੀ ਕਿਸਮਤ ਬਦਲਣ ਦੀ ਸਮਰੱਥਾ ਰੱਖਦੇ ਹਨ। ਇਹ ਕਿਸੇ ਨੂੰ ਉੱਚਾਈਆਂ ਤੱਕ ਲੈ ਜਾ ਸਕਦੇ ਹਨ ਅਤੇ ਇਹੀ ਸ਼ਬਦ ਕਿਸੇ ਦਾ ਆਤਮ-ਵਿਸ਼ਵਾਸ ਵੀ ਤੋੜ ਸਕਦੇ ਹਨ। ਇਸ ਲਈ ਇੱਕ ਚੰਗੀ ਸੰਸਥਾ ਉਹ ਨਹੀਂ ਜਿੱਥੇ ਗਲਤੀਆਂ ਨਾ ਹੋਣ, ਸਗੋਂ ਉਹ ਹੈ ਜਿੱਥੇ ਗਲਤੀਆਂ ਨੂੰ ਸਿੱਖਣ ਦਾ ਮੌਕਾ ਸਮਝਿਆ ਜਾਵੇ ਅਤੇ ਹਰ ਵਿਅਕਤੀ ਦੀ ਇੱਜ਼ਤ ਨੂੰ ਪਹਿਲ ਦਿੱਤੀ ਜਾਵੇ।

ਅੱਜ ਜਦੋਂ ਮਾਨਸਿਕ ਸਿਹਤ ਵਿਸ਼ਵ ਪੱਧਰ 'ਤੇ ਇੱਕ ਮਹੱਤਵਪੂਰਨ ਮੁੱਦਾ ਬਣ ਚੁੱਕੀ ਹੈ, ਤਾਂ ਕੰਮਕਾਜ ਵਾਲੀਆਂ ਥਾਵਾਂ 'ਤੇ ਮਨੋਵਿਗਿਆਨਕ ਸੁਰੱਖਿਆ ਨੂੰ ਵੀ ਉਤਨੀ ਹੀ ਤਰਜੀਹ ਮਿਲਣੀ ਚਾਹੀਦੀ ਹੈ। ਸਿਹਤਮੰਦ ਸੰਸਥਾਵਾਂ ਦੀ ਨੀਂਹ ਸਿਰਫ਼ ਨਿਯਮਾਂ ਅਤੇ ਨੀਤੀਆਂ 'ਤੇ ਨਹੀਂ, ਸਗੋਂ ਮਨੁੱਖੀ ਸਤਿਕਾਰ, ਹਮਦਰਦੀ ਅਤੇ ਨੈਤਿਕ ਵਿਉਹਾਰ 'ਤੇ ਟਿਕੀ ਹੁੰਦੀ ਹੈ। ਜਦੋਂ ਆਲੋਚਨਾ ਦਾ ਉਦੇਸ਼ ਸੁਧਾਰ ਹੋਵੇ, ਨਾ ਕਿ ਅਪਮਾਨ, ਤਦ ਹੀ ਕਾਰਜਸਥਲ ਅਸਲ ਅਰਥਾਂ ਵਿੱਚ ਉੱਤਮਤਾ, ਨਿਆਂ ਅਤੇ ਮਨੁੱਖੀ ਵਿਕਾਸ ਦੇ ਕੇਂਦਰ ਬਣ ਸਕਦੇ ਹਨ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਸੋਸ਼ਲ ਮੀਡੀਆ ਦੀ ਜਜ਼ਬਾਤੀ ਭੀੜ ਕ੍ਰਾਂਤੀਕਾਰੀ ਅੰਦੋਲਨ ਨਹੀਂ ਬਣੇਗੀ

ਭਾਰਤ ਦਾ ਨੌਜਵਾਨ ਤਬਕਾ ਅੱਜ ਗਹਿਰੀ ਅਸੰਤੁਸ਼ਟੀ ਵਿੱਚ ਹੈ। ਪੇਪਰ ਲੀਕ, ਬੇਰੁਜ਼ਗਾਰੀ, ਭਰੋਸੇ ਦੀ ਘਾਟ ਅਤੇ ਇੱਕ ਅਜਿਹੇ ਸਿਸਟਮ ਤੋਂ ਜੋ ਉਨ੍ਹਾਂ ਦੀ ਮਿਹਨਤ ਦਾ ਮੁੱਲ ਨਹੀਂ ਦਿੰਦਾ — ਇਹ ਸਾਰੀਆਂ ਗੱਲਾਂ ਸੱਚ ਹਨ। ਕਾਕਰੋਚ ਜਨਤਾ ਪਾਰਟੀ ਵਰਗੀਆਂ ਲਹਿਰਾਂ ਇਸੇ ਗੁੱਸੇ ਦੀ ਉਪਜ ਹਨ। ਕੇਂਦਰੀ ਕੈਬਨਿਟ ਸਿਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫਾ ਇਸ ਗੱਲ ਦਾ ਸਬੂਤ ਹੈ ਕਿ ਜਦੋਂ ਨੌਜਵਾਨ ਇਕੱਠੇ ਹੋਣ ਤਾਂ ਸਰਕਾਰ ਨੂੰ ਝੁਕਾਇਆ ਵੀ ਜਾ ਸਕਦਾ ਹੈ। ਪਰ ਇੱਥੇ ਹੀ ਸਵਾਲ ਖੜ੍ਹਾ ਹੁੰਦਾ ਹੈ — ਕੀ ਇਹ ਅਸਲ ਤਬਦੀਲੀ ਹੈ, ਜਾਂ ਸਿਰਫ਼ ਇੱਕ ਚਿਹਰਾ ਬਦਲਣਾ? ਕੀ ਐਨੇ ਲਹੂ ਵੀਟਵੇਂ ਸੰਘਰਸ਼ ਨਾਲ ਵਿਵਸਥਾ ਬਦਲੀ? ਨਹੀਂ।

ਸੋਸ਼ਲ ਮੀਡੀਆ ਰਾਹੀਂ ਜਜ਼ਬਾਤੀ ਭੀੜ ਇਕੱਠੀ ਕੀਤੀ ਜਾ ਸਕਦੀ ਹੈ। ਰੈਲੀਆਂ ਹੋ ਸਕਦੀਆਂ ਹਨ, ਹੈਸ਼ਟੈਗ ਵਾਇਰਲ ਹੋ ਸਕਦੇ ਹਨ ਅਤੇ ਛੋਟੀਆਂ ਜਿੱਤਾਂ ਵੀ ਮਿਲ ਸਕਦੀਆਂ ਹਨ। ਇੱਥੋਂ ਤੱਕ ਕਿ ਪਾਰਟੀ ਵੀ ਬਣਾਈ ਜਾ ਸਕਦੀ ਹੈ ਅਤੇ ਕੁਝ ਸਮੇਂ ਲਈ ਚੋਣਾਂ ਵੀ ਜਿੱਤੀਆਂ ਜਾ ਸਕਦੀਆਂ ਹਨ — ਆਮ ਆਦਮੀ ਪਾਰਟੀ ਇਸਦੀ ਉਦਾਹਰਣ ਹੈ। ਪਰ ਵਿਵਸਥਾ ਪਹਿਲਾਂ ਦੀ ਤਰ੍ਹਾਂ ਬਦਸਤੂਰ ਕਾਇਮ ਰਹਿੰਦੀ ਹੈ। ਪਰ ਬਿਨਾਂ ਸਪਸ਼ਟ ਵਿਚਾਰ ਧਾਰਾ ਦੇ ਇਸ ਤੋਂ ਅੱਗੇ ਜਾਣਾ ਔਖਾ ਹੈ। ਲੱਖਾਂ ਫਾਲੋਅਰਜ਼ ਹੋਣਾ ਇੱਕ ਗੱਲ ਹੈ, ਪਰ ਉਨ੍ਹਾਂ ਵਿੱਚੋਂ ਕਿੰਨੇ ਲੋਕ ਅਸਲ ਵਿੱਚ ਪ੍ਰਤੀਬੱਧ ਕਾਰਕੁੰਨ ਹਨ — ਇਹ ਵੱਖਰੀ ਗੱਲ ਹੈ। ਜਜ਼ਬਾਤੀ ਰੌਂਅ ਵਿੱਚ ਵਹਿ ਕੇ ਕੋਈ ਕ੍ਰਾਂਤੀਕਾਰੀ ਤਬਦੀਲੀ ਨਹੀਂ ਆਉਂਦੀ। ਤਬਦੀਲੀ ਲਈ ਠੋਸ ਵਿਚਾਰਧਾਰਾ, ਪਰਿਪੱਕ ਸੋਚ, ਕਠਿਨ ਮਿਹਨਤ ਅਤੇ ਵੱਡਾ ਤਿਆਗ ਚਾਹੀਦਾ ਹੈ।

ਜਦੋਂ ਕੋਈ ਸਪੱਸ਼ਟ ਮੰਜ਼ਲ ਨਾ ਹੋਵੇ, ਕੋਈ ਰੋਡਮੈਪ ਨਾ ਹੋਵੇ, ਅਤੇ ਬਸਪਾ ਸੁਪ੍ਰੀਮੋ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਤੇ ਭੈਣ ਕੁਮਾਰੀ ਮਾਇਆਵਤੀ ਜੀ ਵਰਗਾ ਕੋਈ ਸਿਰੜੀ, ਤਿਆਗੀ ਪ੍ਰਤੀਬਧ ਆਗੂ ਸਾਹਮਣੇ ਨਾ ਹੋਵੇ ਜੋ ਲੰਮੀ ਲੜਾਈ ਲਈ ਤਿਆਰ ਹੋਵੇ ਤਾਂ ਲੋਕਾਂ ਨੂੰ ਜ਼ਿਆਦਾ ਦੇਰ ਤੱਕ ਗੁਮਰਾਹ ਨਹੀਂ ਰੱਖਿਆ ਜਾ ਸਕਦਾ।

ਇਕ ਮੁੱਦੇ ਤੇ ਕੀਤਾ ਅੰਦੋਲਨ ਮੁੱਦਾ ਖ਼ਤਮ ਹੁੰਦਿਆਂ ਇੱਕ ਦਿਨ ਖ਼ਤਮ ਹੋ ਜਾਂਦਾ ਹੈ ਜਿਵੇਂ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ। ਫਿਰ ਸਵਾਲ ਉੱਠਦਾ ਹੈ — ਹੁਣ ਕੀ? ਜੇ ਉੱਤਰ ਸਿਰਫ਼ ਇਹ ਹੋਵੇ ਕਿ "ਸਿਸਟਮ ਖ਼ਰਾਬ ਹੈ", ਤਾਂ ਉਹ ਭੀੜ ਛੇਤੀ ਖਿੰਡ ਪੁੰਡ ਜਾਂਦੀ ਹੈ। ਅਸਲ ਤਬਦੀਲੀ ਉਦੋਂ ਹੁੰਦੀ ਹੈ ਜਦੋਂ ਲੋਕਾਂ ਨੂੰ ਇਹ ਸਪੱਸ਼ਟ ਹੋਵੇ ਕਿ ਬਦਲਣਾ ਕੀ ਹੈ, ਕਿਵੇਂ ਬਦਲਣਾ ਹੈ, ਅਤੇ ਬਦਲਣ ਤੋਂ ਬਾਅਦ ਕੀ ਬਣਾਉਣਾ ਹੈ।

ਅੰਨਾ ਹਜ਼ਾਰੇ ਦੇ ਅੰਦੋਲਨ ਨੇ ਦਿਖਾਇਆ ਸੀ ਕਿ ਜਨਤਕ ਗੁੱਸਾ ਕਿੰਨਾ ਤਾਕਤਵਰ ਹੋ ਸਕਦਾ ਹੈ। ਉਸ ਤੋਂ ਆਮ ਆਦਮੀ ਪਾਰਟੀ ਨਿਕਲੀ। ਪਰ ਉਸ ਤੋਂ ਬਾਅਦ ਵੀ ਇਹੀ ਸਵਾਲ ਖੜ੍ਹੇ ਰਹੇ — ਵਿਚਾਰਧਾਰਾ ਕੀ ਹੈ? ਲੰਮੀ ਯੋਜਨਾ ਕੀ ਹੈ? ਅਤੇ ਆਗੂਆਂ ਵਿੱਚ ਉਹ ਤਿਆਗ ਕਿੱਥੇ ਹੈ ਜੋ ਲੋਕਾਂ ਨੂੰ ਦਹਾਕਿਆਂ ਤੱਕ ਜੋੜੀ ਰੱਖ ਸਕੇ? ਸੋਸ਼ਲ ਮੀਡੀਆ ਰਾਹੀਂ ਰਾਤੋ ਰਾਤ ਜਜ਼ਬਾਤੀ ਭੀੜ ਇਕੱਠੀ ਕਰਕੇ ਬਣਾਈ ਗਈ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਵੀ ਇਸੇ ਰਾਹ 'ਤੇ ਜਾ ਸਕਦੀ ਹੈ। ਜੇ ਇਹ ਸਿਰਫ਼ ਜਜ਼ਬਾਤੀ ਲਹਿਰ ਬਣੀ ਰਹੀ, ਤਾਂ ਇਹ ਵੀ ਉਸੇ ਹੱਦ ਤੱਕ ਹੀ ਪਹੁੰਚੇਗੀ ਜਿੱਥੇ ਬਹੁਤ ਸਾਰੀਆਂ ਲਹਿਰਾਂ ਰੁਕ ਜਾਂਦੀਆਂ ਹਨ। ਮੇਲਿਆਂ ਵਰਗੀ ਭੀੜ ਕ੍ਰਾਂਤੀ ਨਹੀਂ ਕਰ ਸਕਦੀ।

ਨੌਜਵਾਨਾਂ ਦਾ ਗੁੱਸਾ ਜਾਇਜ਼ ਹੈ। ਸਿਸਟਮ ਖ਼ਰਾਬ ਹੈ — ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਗੁੱਸੇ ਨੂੰ ਤਬਦੀਲੀ ਵਿੱਚ ਬਦਲਣ ਲਈ ਸਿਰਫ਼ ਰੈਲੀਆਂ ਅਤੇ ਰੀਲਜ਼ ਕਾਫ਼ੀ ਨਹੀਂ। ਅਸਲ ਲੋੜ ਹੈ —ਸਪੱਸ਼ਟ ਵਿਚਾਰਧਾਰਾ, ਲੰਮੀ ਯੋਜਨਾ,ਕਠਿਨ ਮਿਹਨਤ ਅਤੇ ਉਹ ਆਗੂ ਜੋ ਲੋਕਾਂ ਨੂੰ ਸਿਰਫ਼ ਭੜਕਾਉਣ ਦੀ ਬਜਾਏ ਉਨ੍ਹਾਂ ਨੂੰ ਨਾਲ ਲੈਕੇ ਲੰਮੀ ਲੜਾਈ ਲੜਨ ਲਈ ਤਿਆਰ ਹੋਣ। ਬਿਨਾਂ ਇਨ੍ਹਾਂ ਚੀਜ਼ਾਂ ਦੇ, ਭਾਵੇਂ ਲੱਖਾਂ ਲੋਕ ਇਕੱਠੇ ਹੋ ਜਾਣ, ਉਹ ਭੀੜ ਹੀ ਰਹੇਗੀ ਜੋ ਕ੍ਰਾਂਤੀਕਾਰੀ ਅੰਦੋਲਨ ਨਹੀਂ ਬਣੇਗੀ ਅਤੇ ਤਬਦੀਲੀ ਤਾਂ ਦੂਰ ਦੀ ਗੱਲ ਹੈ।



**ਲਾਲ ਸਿੰਘ ਸੁਲਹਾਣੀ**
**9872155120**

# ਸੋਨਮ ਵਾਂਗਚੁਕ ਕੌਣ ਹਨ

ਮੂਲਕ ਦੇ ਅੰਦਰ ਸ਼ਾਇਦ ਹੀ ਕੋਈ ਇਨਸਾਨ ਅਜਿਹਾ ਹੋਵ-ਗਾ, ਜੋ ਸੋਨਮ ਨੂੰ ਨਹੀਂ ਜਾਣਦਾ, ਕਿਉਂਕਿ ਨੀਟ ਪੇਪਰ ਲੀਕ ਦੇ ਮਾਮਲੇ ਦੇ ਵਿੱਚ ਦਿੱਲੀ ਦੇ ਅੰਦਰ ਜੋ ਪ੍ਰਦਰਸ਼ਨ ਚੱਲ ਰਿਹਾ ਹੈ ,ਇਸ ਪ੍ਰਦਰਸ਼ਨ ਦੇ ਵਿੱਚ ਇਹ ਭੁੱਖ ਹੜਤਾਲ ਕਰਦੇ ਹਨ । ਹਾਲਤ ਖਰਾਬ ਦੇਖ ਕੇ ਇਹਨਾਂ ਨੂੰ ਤੁਰੰਤ ਹਸਪਤਾਲ ਵਿੱਚ ਭਰਤੀ ਕਰਵਾਇਆ ਜਾਂਦਾ ਹੈ। ਜਿੱਥੇ ਹਸਪਤਾਲ ਵਿੱਚ ਕੇਂਦਰੀ ਸਿਹਤ ਮੰਤਰੀ ਇਹਨਾਂ ਦਾ ਹਾਲ ਚਾਲ ਪੁੱਛਦੇ ਹਨ। ਸੋਨਮ ਵਾਂਗਚੁੱਕ ਇਕ ਪ੍ਰਸਿੱਧ ਭਾਰਤੀ ਇੰਜੀਨੀਅਰ, ਸਿੱਖਿਆ ਸੁਧਾਰਕ ਤੇ ਵਾਤਾਵਰਣ ਕਾਰਕੁਨ ਹਨ। ਸੋਨਮ ਵਾਂਗਚੁੱਕ ਪੂਰੇ ਵਿਸ਼ਵ ਵਿੱਚ ਆਈਸ ਸਤੂਪ ਤੇ ਸੇਕਮੋਲ ਦੀ ਸਥਾਪਨਾ ਲਈ ਜਾਣੇ ਜਾਂਦੇ ਹਨ । ਸੋਨਮ ਵਾਂਗਚੁਕ ਦਾ ਜਨਮ 1 ਸਤੰਬਰ,1966 ਨੂੰ ਲੇਹ ਦੇ ਪਿੰਡ ਉਲੇਤੋਕਪੋ ਵਿਚ ਹੋਇਆ। ਸ੍ਰੀਨਗਰ ਦੇ ਐਨਆਈਟੀ ਤੋਂ ਮਕੈਨੀਕਲ ਇੰਜੀਨੀਅਰ ਦੀ ਡਿਗਰੀ ਹਾਸਿਲ ਕੀਤੀ।ਇਹਨਾਂ ਨੂੰ ਸਿੱਖਿਆ ਖੇਤਰ ਵਿੱਚ ਬਹੁਤ ਵੱਡਾ ਅਹੁਦਾ ਪਹਿਲਾਂ ਹੀ ਮਿਲ ਗਿਆ ਸੀ। ਜੋ ਅਮੀਰ ਖਾਨ ਦੀ ਫ਼ਿਲਮ 3 "ਈਡੀਅਟਸ" ਸੀ ਉਹ ਇਹਨਾਂ ਦੇ ਜੀਵਨ ਤੋਂ ਪ੍ਰੇਰਿਤ ਸੀ । 1988 ਵਿੱਚ ਵਿਦਿਆਰਥੀਆਂ ਦੀ ਸਿੱਖਿਆ ਨੂੰ ਸੁਧਾਰਨ ਲਈ" ਸਟੂਡੈਂਟ ਐਜੂਕੇਸ਼ਨ ਐਂਡ ਕਲਚਰਲ ਮੂਵਮੈਂਟ ਆਫ ਲਦਾਖ਼ ਦੀ ਸਥਾਪਨਾ ਕੀਤੀ ਗਈ। ਲੇਹ ਲਦਾਖ਼ ਵਿੱਚ ਬਹੁਤ ਜਿਆਦਾ ਬਰਫ ਪੈਂਦੀ ਹੈ । ਤਾਪਮਾਨ ਨੂੰ ਵੀ ਕਈ ਵਾਰ ਨੈਗਟਿਵ ਵਿੱਚ ਚਲਾ ਜਾਂਦਾ ਹੈ। ਇਸ ਲਈ ਸੋਨਮ ਵਾਂਗਚੁਕ ਰਾਹੀਂ ਸਰਦੀਆਂ ਵਿੱਚ ਪਾਣੀ ਨੂੰ ਬਚਾਉਣ ਅਤੇ ਗਰਮੀਆਂ ਵਿੱਚ ਕਿਸਾਨਾਂ ਨੂੰ ਸਿੰਚਾਈ ਲਈ ਪਾਣੀ ਮੁਹੱਈਆ ਕਰਵਾਉਣ ਲਈ ਨਕਲੀ ਗਲੇਸ਼ੀਅਰ ਤਿਆਰ ਕੀਤਾ ਗਿਆ। ਸੋਨਮ ਵਾਂਗਚੁਕ ਨੇ ਸੋਲਰ ਇਮਾਰਤਾਂ ਦਾ ਨਿਰਮਾਣ ਕੀਤਾ। ਜਿਹੜੀਆਂ ਬਰਫ਼ ਵਿੱਚ ਵੀ ਗਰਮ ਰਹਿ ਸਕਣ। ਸਿੱਖਿਆ ਅਤੇ ਸਮਾਜਿਕ ਬਦਲਾਅ ਲਈ 2018 ਵਿੱਚ ਸੋਨਮ ਵਾਂਗਚੁਕ ਨੂੰ" ਰੇਮਨ ਮੈਗਸੇਸੇ "ਪੁਰਸਕਾਰ ਨਾਲ ਨਿਵਾਜਿਆ ਗਿਆ।

ਜੰਮੂ ਕਸ਼ਮੀਰ ਦੇ ਵਿੱਚੋਂ ਧਾਰਾ 370 ਨੂੰ ਖਤਮ ਕਰਨਾ ਬੀਜੇਪੀ ਸਰਕਾਰ ਲਗਾਤਾਰ ਪਿਛਲੇ ਕਈ ਸਾਲਾਂ ਤੋਂ ਵਾਅਦਾ ਕਰਦੀ ਆ ਰਹੀ ਸੀ, ਪਰ ਹਰ ਵਾਰ ਬੀਜੇਪੀ ਦੀ ਚੋਣ ਮੈਨੀਫੈਸਟੋ ਵਿੱਚ ਇਹ ਵਾਅਦਾ ਸ਼ਾਮਿਲ ਹੁੰਦਾ ਸੀ। ਜਿਵੇਂ ਹੀ ਉੱਥੇ ਉਹਨਾਂ ਦੀ ਗਠਬੰਧਨ ਵਾਲੀ ਸਰਕਾਰ ਬਣਦੀ ਹੈ, ਬੀਜੇਪੀ ਉੱਥੇ ਸੱਤਾ ਵਿੱਚ ਆ ਜਾਂਦੀ ਹੈ। ਮਹਿਬੂਬਾ ਮੁਫ਼ਤੀ ਉੱਥੋਂ ਦੇ ਮੁੱਖ ਮੰਤਰੀ ਬਣਦੇ ਹਨ। 5 ਅਗਸਤ 2019 ਨੂੰ ਬੀਜੇਪੀ ਧਾਰਾ 370 ਖਤਮ ਕਰ ਦਿੰਦੀ ਹੈ। ਜੰਮੂ ਕਸ਼ਮੀਰ ਵਿੱਚੋਂ ਲਦਾਖ਼ ਨੂੰ ਵੱਖ ਕਰ ਦਿੱਤਾ ਗਿਆ। ਜੰਮੂ ਕਸ਼ਮੀਰ ਅਲਗ ਰਾਜ਼ ਬਣ ਗਿਆ। ਇਹਨਾਂ ਦੋਨਾਂ ਰਾਜਾਂ ਨੂੰ ਹੀ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ ।ਮਤਲਬ ਕਿ ਯੂਟੀ ਬਣਾ ਦਿੱਤਾ ਗਿਆ। ਲਦਾਖ਼ ਕੇਂਦਰ ਸ਼ਾਸਿਤ ਪ੍ਰਦੇਸ਼ ਜਿਸ ਦਾ ਕੰਟਰੋਲ ਗਵਰਨਰ ਕਰੇਗਾ। ਬੀਜੇਪੀ ਦੇ ਇਸ ਫੈਸਲੇ ਦੀ ਸੋਨਮ ਵਾਂਗਚੁਕ ਨੇ ਬਹੁਤ ਪ੍ਰਸ਼ੰਸ਼ਾ ਕੀਤੀ । ਹਰ ਟਵੀਟ ਵਿੱਚ ਉਸਨੇ ਬੀਜੇਪੀ ਸਰਕਾਰ ਦੇ ਸੋਹਲੇ ਗਾਏ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਜੰਮ ਕੇ ਤਾਰੀਫ ਕੀਤੀ। ਆਪਣੇ ਟਵੀਟ ਵਿੱਚ ਲਿਖਦੇ ਸੀ ਕਿ ਲੋਕਾਂ ਨੂੰ ਹੁਣ ਆਜ਼ਾਦੀ ਮਿਲ ਚੁੱਕੀ ਹੈ।

ਕੁਝ ਸਮੇਂ ਬਾਅਦ ਸੋਨਮ ਵਾਂਗਚੁਕ ਬੀਜੇਪੀ ਦੇ ਖਿਲਾਫ ਇੱਕ ਵੱਡਾ ਪ੍ਰਦਰਸ਼ਨ ਕਰਦੇ ਹਨ। ਸੋਨਮ ਵਾਂਗਚੁਕ ਤੇ ਉਹਨਾਂ ਦੇ ਸਪੋਰਟਰ ਕਹਿੰਦੇ ਹਨ ਕਿ ਸਰਕਾਰ ਨੇ 2019 ਦੇ ਵਿੱਚ ਲਦਾਖ਼ ਨੂੰ ਇੱਕ ਵੱਖਰਾ ਕੇਂਦਰ ਸ਼ਾਸ਼ਿਤ ਪ੍ਰਦੇਸ਼ ਬਣਾ ਦਿੱਤਾ, ਪਰ ਇਸ ਤੋਂ ਇਲਾਵਾ ਲਦਾਖ਼ ਲੋਕਾਂ ਦੀਆਂ ਕੁਝ ਹੋਰ ਵੀ ਜਰੂਰੀ ਮੰਗਾਂ ਸਨ ਜੋ ਹਜੇ ਤੱਕ ਵੀ ਨਹੀਂ ਮੰਨੀਆਂ ਗਈਆਂ। ਸੋਨਮ ਵਾਂਗਚੁਕ ਤੇ ਲੱਦਾਖੀ ਲੋਕ ਚਾਹੁੰਦੇ ਸਨ ਕਿ ਲਦਾਖ਼ ਨੂੰ ਛੇਵੀਂ ਸੂਚੀ ਵਿੱਚ ਸ਼ਾਮਿਲ ਕੀਤਾ ਜਾਏ, (ਮਤਲਬ ਭਾਰਤ ਸੰਵਿਧਾਨ ਦੀ ਛੇਵੀਂ ਸੂਚੀ, 6 ਟਹ ਸ਼ਚਹਦੁਲਏ)ਜੋ ਵੀ ਰਾਜ ਛੇਵੀਂ ਸੂਚੀ ਦੇ ਵਿੱਚ ਸ਼ਾਮਿਲ ਹੁੰਦੇ ਹਨ ਉਹਨਾਂ ਨੂੰ ਇੱਕ ਅਲੱਗ ਆਜ਼ਾਦੀ ਮਿਲ ਜਾਂਦੀ ਹੈ। ਜਿਵੇਂ ਉੱਤਰ ਪੂਰਬੀ ਰਾਜਾਂ ਵਿੱਚ ਕਬਾਇਲੀ ਖੇਤਰਾਂ ਦੇ ਲਈ ਵਿਸ਼ੇਸ਼ ਅਧਿਕਾਰ ਦੇਣਾ ਹੈ। ਇਹ ਸੂੱਚੀ ਪੂਰੇ ਭਾਰਤ ਵਿੱਚ ਸਿਰਫ਼ ਅਸਾਮ, ਮੇਘਾਲਿਆ ,ਤ੍ਰਿਪੁਰਾ ਅਤੇ ਮਿਜ਼ੋਰਮ ਰਾਜਾਂ ਵਿੱਚ ਲਾਗੂ ਹੁੰਦੀ ਹੈ।ਇਸ ਦਾ ਮਤਲਬ ਕਿ ਉੱਥੋਂ ਦੀ ਜਮੀਨ, ਖੇਤੀਬਾੜੀ ਤੇ ਰੀਤੀ ਰਿਵਾਜ਼ ਸਾਰਾ ਕੁੱਝ ਉਸ ਕੇਂਦਰ ਸ਼ਾਸ਼ਿਤ ਪ੍ਰਦੇਸ਼ ਦੇ ਸਾਰੇ ਫ਼ੈਸਲੇ ਆਪ ਲੈ ਸਕਦੀ ਹੈ, ਸਥਾਨਕ ਰੀਤੀ ਰਿਵਾਜਾਂ ਬਾਰੇ ਕਾਨੂੰਨ ਬਣਾਉਣ ਦੀ ਸ਼ਕਤੀ। ਜਮੀਨਾਂ ਨੂੰ ਬਾਹਰੀ ਦਖਲਅੰਦਾਜ਼ੀ ਤੋਂ ਬਚਾਉਣਾ । ਸਥਾਨਕ ਕੇਸਾਂ ਦੇ ਨਿਪਟਾਰੇ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਜ਼ਿਲ੍ਹਾ ਅਦਾਲਤਾਂ ਨੂੰ ਬਣਾਉਣਾ।ਫਿਰ ਕੇਂਦਰ ਉਸ ਕੇਂਦਰ ਸ਼ਾਸ਼ਿਤ ਪ੍ਰਦੇਸ਼ ਦੇ ਕੰਮ ਕਾਜ਼ ਵਿੱਚ ਦਖ਼ਲਅੰਦਾਜ਼ੀ ਨਹੀਂ ਕਰ ਸਕਦੀ। ਅਜਿਹੀ ਸੂਚੀ ਵਾਲੇ ਸੂਬੇ ਆਪਣੀ ਮਰਜ਼ੀ ਮੁਤਾਬਕ ਕਾਨੂੰਨ ਬਣਾ ਸਕਦੇ ਹਨ।

ਫਿਰ ਮਾਰਚ 2024 ਨੂੰ ਸੋਨਮ ਵਾਂਗਚੁਕ ਨੇ ਪ੍ਰਦਰਸ਼ਨ ਸ਼ੁਰੂ ਕੀਤਾ ਸੀ। ਸੋਨਮ ਵਾਂਗਚੁਕ ਨੂੰ ਲੱਗਦਾ ਹੈ ਕਿ ਉਨਾਂ ਦੇ ਪ੍ਰਦਰਸ਼ਨ ਨਾਲ ਸਰਕਾਰ ਤੇ ਕੁਝ ਵੀ ਅਸਰ ਨਹੀਂ ਹੋਇਆ । ਉਹ ਪੈਦਲ ਮਾਰਚ ਸ਼ੁਰੂ ਕਰ ਦਿੰਦੇ ਹਨ। ਲੇਹ ਤੋਂ ਦਿੱਲੀ ਤੱਕ ਸਤੰਬਰ ਵਿਚ ਉਹ ਪੈਦਲ ਮਾਰਚ ਕਰਦੇ ਹੋਏ ਦਿੱਲੀ ਦੀਆਂ ਬਰੂਹਾਂ ਤੇ ਪਹੁੰਚ ਜਾਂਦੇ ਹਨ। ਉੱਥੇ ਉਹਨਾਂ ਨੂੰ ਪੁਲਿਸ ਗ੍ਰਿਫਤਾਰ ਕਰ ਲੈਂਦੀ ਹੈ। ਕੁਝ ਸਮਾਂ ਰੱਖਣ ਤੋਂ ਬਾਅਦ ਛੱਡ ਦਿੱਤਾ ਜਾਂਦਾ ਹੈ। ਜਿਵੇਂ ਹੀ ਸੋਨਮ ਵਾਂਗਚੁਕ ਨੂੰ ਹਿਰਾਸਤ ਵਿੱਚੋਂ ਛੱਡਿਆ ਜਾਂਦਾ ਹੈ ਉਹ ਜੰਤਰ ਮੰਤਰ ਤੇ ਆਪਣੀ ਭੁੱਖ ਹੜਤਾਲ ਸ਼ੁਰੂ ਕਰ ਦਿੰਦੇ ਹਨ। ਕੁਝ ਸਮਾਂ ਬਾਅਦ ਕੇਂਦਰ ਸਰਕਾਰ ਵੱਲੋਂ ਉਹਨਾਂ ਨੂੰ ਭਰੋਸੇ ਵਿੱਚ ਲਿਆ ਜਾਂਦਾ ਹੈ ਕਿ ਉਹਨਾਂ ਦੀਆਂ ਮੰਗਾਂ ਜਲਦੀ ਹੀ ਮੰਨ ਲਈਆਂ ਜਾਣਗੀਆਂ। ਉਹ ਵਾਪਸ ਆਪਣੇ ਲੇਹ ਚਲੇ ਜਾਂਦੇ ਹਨ। ਸਮਾਂ ਬੀਤਣ ਦੇ ਬਾਵਜੂਦ ਉਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ।ਆਖ਼ਰ 24 ਸਤੰਬਰ, 2025 ਦਾ ਸੋਨਮ ਵਾਂਗ ਚੁਕ ਨੇ ਲਦਾਖ਼ ਵਿੱਚ ਫਿਰ ਆਪਣਾ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ, ਉਨਾਂ ਦੇ ਪ੍ਰਦਰਸ਼ਨ ਵਿੱਚ ਨੌਜਵਾਨ ਵੱਡੀ ਤਾਦਾਦ ਵਿੱਚ ਜੁੜੇ। ਲੇਹ ਨੂੰ ਬੰਦ ਕਰ ਦਿੱਤਾ ਜਾਂਦਾ ਹੈ । ਇੱਕ ਤਰ੍ਹਾਂ ਨਾਲ ਕੇਂਦਰ ਸ਼ਾਸ਼ਿਤ ਪ੍ਰਦੇਸ਼ ਦੇ ਹਾਲਾਤ ਖਰਾਬ ਹੁੰਦੇ ਚਲੇ ਜਾਂਦੇ ਹਨ। ਅੱਗ ਲਗਾਉਣ ਦੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਇੱਥੋਂ ਤੱਕ ਕਿ ਬੀਜੇਪੀ ਦਫਤਰ ਦੇ ਬਾਹਰ ਭੰਨ ਤੋੜ ਕੀਤੀ ਜਾਂਦੀ ਹੈ ਤੇ ਉੱਥੇ ਵੀ ਅੱਗ ਲਗਾ ਦਿੱਤੀ ਜਾਂਦੀ ਹੈ। ਕਈ ਲੋਕਾਂ ਦੀ ਇਸ ਪ੍ਰਦਰਸ਼ਨ ਦੌਰਾਨ ਮੌਤ ਵੀ ਹੋ ਜਾਂਦੀ ਹੈ।

ਸੋਨਮ ਵਾਂਗਚੁਕ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤੇ ਉਸ ਉਤੇ ਐਨਐਸਏ(ਸ਼ਅ) ਲਗਾ ਕੇ ਰਾਜਸਥਾਨ ਜੇਲ ਵਿੱਚ ਭੇਜ ਦਿੱਤਾ ਜਾਂਦਾ ਹੈ । ਐਨ ਐਸ ਏ ਰਾਸ਼ਟਰੀ ਸੁਰੱਖਿਆ ਕਾਨੂੰਨ ਹੈ, ਜੋ ਕਿ ਬਹੁਤ ਹੀ ਜ਼ਿਆਦਾ ਸਖਤ ਕਾਨੂੰਨ ਹੈ । ਐਨ ਐਸ ਏ ਦਾ ਮਤਲਬ ਦੇਸ਼ ਦੀ ਸੁਰੱਖਿਆ, ਅਮਨ ਤੇ ਸ਼ਾਂਤੀ ਨੂੰ ਬਣਾ ਕੇ ਰੱਖਣਾ ਹੈ। ਇਸ ਕਾਨੂੰਨ ਤਹਿਤ ਕਿਸੇ ਵੀ ਸ਼ਕਤੀ ਵਿਅਕਤੀ ਨੂੰ ਬਿਨਾਂ ਕਿਸੇ ਚਾਰਜਸ਼ੀਟ ਦੇ ਤਿੰਨ ਮਹੀਨੇ ਜਾਂ ਇਸ ਤੋਂ ਵੀ ਵੱਧ ਤੱਕ ਜੇਲ ਵਿੱਚ ਰੱਖਿਆ ਜਾ ਸਕਦਾ ਹੈ।ਮਾਰਚ 2026 ਦੇ ਵਿੱਚ ਸੋਨਮ ਵਾਂਗਚੁਕ ਨੂੰ ਆਜ਼ਾਦ ਕਰ ਦਿੱਤਾ ਜਾਂਦਾ ਹੈ। ਉਹਨਾਂ ਦੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਜਾਂਦਾ ਹੈ। ਇਸੇ ਸਾਲ ਮਈ ਜੂਨ ਭਾਰਤ ਵਿੱਚ ਨੀਟ ਦਾ ਇਮਤਿਹਾਨ ਹੋਇਆ, ਉਹ ਪੇਪਰ ਲੀਕ ਹੋ ਗਿਆ ਸੀ। ਜਿਨਾਂ ਬੱਚਿਆਂ ਨੇ ਇਹ ਇਮਤਿਹਾਨ ਦਿੱਤਾ ਸੀ ਉਹਨਾਂ ਵਿੱਚੋਂ ਕਈ ਵਿਦਿਆਰਥੀਆਂ ਨੇ ਆਤਮ ਹੱਤਿਆ ਤੱਕ ਵੀ ਕਰ ਲਈ। ਇੱਕ ਨਵੀਂ ਪਾਰਟੀ ਸੀਜੇਪੀ(ਕਾਕਰੋਚ ਜਨਤਾ ਪਾਰਟੀ) ਜੋ ਜੰਤਰ ਮੰਤਰ ਤੇ ਆਪਣਾ ਪ੍ਰਦਰਸ਼ਨ ਸ਼ੁਰੂ ਕਰਦੀ ਹੈ ਉਸ ਵਿੱਚ ਸੋਨਮ ਵੱਧ ਚੜ ਕੇ ਹਿੱਸਾ ਲੈਂਦੇ ਹਨ। ਉਹ ਜੰਤਰ ਮੰਤਰ ਤੇ ਭੁੱਖ ਹੜਤਾਲ ਵਿੱਚ ਬੈਠ ਜਾਂਦੇ ਹਨ। ਲਗਾਤਾਰ ਭੁੱਖ ਹੜਤਾਲ ਤੇ ਬੈਠਣ ਕਾਰਨ ਉਹਨਾਂ ਦੀ ਸਿਹਤ ਖਰਾਬ ਹੋਣੀ ਸ਼ੁਰੂ ਹੋ ਜਾਂਦੀ ਹੈ। ਪੁਲਿਸ ਉਹਨਾਂ ਨੂੰ ਗ੍ਰਿਫਤਾਰ ਕਰਦੀ ਹੈ ਤੇ ਹਸਪਤਾਲ ਵਿੱਚ ਭਰਤੀ ਕਰਵਾ ਦਿੰਦੀ ਹੈ। ਇਸ ਵੇਲੇ ਜੰਤਰ ਮੰਤਰ ਤੇ ਨੌਜਵਾਨ ਪੂਰਾ ਪ੍ਰਦਰਸ਼ਨ ਕਰ ਰਹੇ ਹਨ ਤੇ ਕੇਂਦਰੀ ਸਿੱਖਿਆ ਮੰਤਰੀ ਨੂੰ ਵਿਦਿਆਰਥੀਆਂ ਦੇ ਰੋਹ ਅੱਗੇ ਝੁੱਕਣਾ ਪਿਆ ਤੇ ਆਪਣਾ ਅਸਤੀਫਾ ਦੇਣਾ ਪਿਆ।



ਸੰਜੀਵ ਸਿੰਘ ਸੈਣੀ
ਮੋਹਾਲੀ,7888966168

# ਜੇਹਾ ਮੈਂ ਜਾਣਿਆ ਵਿਦਿਆਰਥੀ ਆਕ੍ਰੋਸ਼ ਅੰਦੋਲਨ ਨੂੰ

ਇਮਤਿਹਾਨਾਂ ਵਿੱਚ ਸਖ਼ਤ ਮੁਕਾਬਲਾ ( ਕੰਪੀਟੀਸ਼ਨ ), ਇਮਤਿਹਾਨ ਪਾਸ ਕਰ ਲੈਣ ਤੋਂ ਬਾਅਦ ਵੀ ਸੁਰੱਖਿਅਤ ਭਵਿੱਖ ਦੀ ਕੋਈ ਗਰੰਟੀ ਨਾ ਹੋਣ ਕਾਰਨ, ਦੇਸ਼ ਦੇ ਵਿਦਿਆਰਥੀਆਂ ਦਾ ਮਨ ( ਦਿਲ ) ਪਹਿਲਾਂ ਹੀ ਬੇਚੈਨ ਸੀ। ਉੱਤੋਂ ਵਾਰ ਵਾਰ ਪੇਪਰ ਲੀਕ ਹੋਣ ਕਾਰਨ ਵਿਦਿਆਰਥੀਆਂ ਦੇ ਮਨਾਂ ਵਿਚ ( ਦਿਲਾਂ ਵਿੱਚ ) ਆਕ੍ਰੋਸ਼ ਪੈਦਾ ਹੋਣਾ ਕੁਦਰਤੀ ਸੀ। ਸਰਕਾਰਾਂ ਨੂੰ ਪੇਪਰ ਲੀਕ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਸੀ, ਤਾਂ ਕਿ ਵਿਦਿਆਰਥੀਆਂ ਦੇ ਅਬੋਧ ਮਨਾਂ 'ਤੇ, ਕੋਈ ਗਲਤ ਪ੍ਰਭਾਵ ਨਾਂ ਪਵੇ। ਪਰ ਇਸ ਦੇ ਉਲਟ, ਸਰਕਾਰੀ ਅਹੁਦਿਆਂ 'ਤੇ ਬਿਰਾਜਮਾਨ ਉੱਚ ਅਫ਼ਸਰਾਂ ਵੱਲੋਂ, ਨੌਜਵਾਨ ਵਿਦਿਆਰਥੀਆਂ ਦੀ ਤੁਲਨਾ,ਗਟਰ ਦੇ ਕੌਕਰੋਚ ਨਾਲ ਕਰ ਕੇ, ਉਹਨਾਂ ਦਾ ਮਜ਼ਾਕ ਉਡਾਇਆ ਗਿਆ ਤਾਂ ਸਾਲਾਂ ਤੋਂ ਉਹਨਾਂ ਦੇ ਦਿਲਾਂ ਵਿਚ ਧੁਖ਼ਦਾ ਗੁੱਸਾ,ਲਾਵਾ ਬਣ ਕੇ ਬਾਹਰ ਆ ਗਿਆ। ਸਕੂਲ / ਕਾਲਜ ਛੱਡ ਕੇ ਵਿਦਿਆਰਥੀ ਸੜਕਾਂ 'ਤੇ ਉਤਰ ਆਏ।ਪਰ ਸਰਕਾਰ, ਫੇਰ ਵੀ ਵਿਦਿਆਰਥੀਆਂ ਦੇ ਨਾਲ ਗੱਲਬਾਤ ਕਰਨ ਦੀ ਬਜਾਏ ਵਿਦਿਆਰਥੀ ਅੰਦੋਲਨ ਨੂੰ ਬਦਨਾਮ ਕਰ ਕੇ, ਅੰਦੋਲਨ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ ਕਰਦੀ ਰਹੀ। ਜਿਸ ਨਾਲ ਵਿਦਿਆਰਥੀਆਂ ਚ ਆਕ੍ਰੋਸ਼ ਵੱਧਦਾ ਚਲਾ ਗਿਆ। ਸਰਕਾਰ ਵੱਲੋਂ ਹਰ ਹੀਲੇ ਵਿਦਿਆਰਥੀ ਅੰਦੋਲਨ ਨੂੰ ਕੁਚਲਣ ਦੀ ਮਨਸ਼ਾ ਕਾਰਨ ਇਹ ਅੰਦੋਲਨ ਹੋਰ ਮੁਖਰ ਹੁੰਦਾ ਜਾ ਰਿਹਾ ਹੈ। ਜਿੱਥੇ ਤੱਕ ਮੈਂ ਜਾਣ ਸਕਿਆ ਹਾਂ,ਅਬੋਧ ਵਿਦਿਆਰਥੀ ਮਨ ਅਤੇ ਜਜ਼ਬਾਤਾਂ 'ਤੇ ਚੋਟ ਕਰ ਕੇ ,ਇਹ ਅੰਦੋਲਨ ਜਾਣਬੁੱਝ ਕੇ ਭੜਕਾਇਆ ਗਿਆ।ਜੋ ਦੇਸ਼ ਦੇ ਨੌਜਵਾਨਾਂ 'ਤੇ ਦੂਰਗਾਮੀ ਪ੍ਰਭਾਵ ਛੱਡੇਗਾ।



ਗੁਰਦੀਪ ਸਿੰਘ ਮੁਕੱਦਮ
9878160133

# ਆਓ ਭਵਿੱਖ ਨੂੰ ਬਚਾਉਣ ਲਈ ਕੁਦਰਤ ਦਾ ਹੱਥ ਫੜੀਏ

**ਵਿਸ਼ਵ ਕੁਦਰਤ ਸੰਭਾਲ ਦਿਵਸ 'ਤੇ ਵਿਸ਼ੇਸ਼**



ਵਾਤਾਵਰਣ ਨੂੰ ਬਚਾਉਣ ਅਤੇ ਮਨੁੱਖ ਨੂੰ ਮੁੜ ਕੁਦਰਤ ਨਾਲ ਜੋੜਨ ਦੇ ਉਦੇਸ਼ ਨਾਲ ਹਰ ਸਾਲ 28 ਜੁਲਾਈ ਨੂੰ ਸੰਸਾਰ ਭਰ ਵਿੱਚ 'ਵਿਸ਼ਵ ਕੁਦਰਤ ਸੰਭਾਲ ਦਿਵਸ' ਮਨਾਇਆ ਜਾਂਦਾ ਹੈ। ਜੋਕਿ ਸਾਰੀ ਮਨੁੱਖਤਾ ਲਈ ਇੱਕ ਚੇਤਾਵਨੀ ਅਤੇ ਸੰਦੇਸ਼ ਵਜੋਂ ਮਨਾਇਆ ਹੈ ਕਿ ਜੇਕਰ ਅਸੀਂ ਅੱਜ ਵੀ ਕੁਦਰਤ ਦੀ ਅਣਦੇਖੀ ਕਰਦੇ ਰਹੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਜਿਉਣਾ ਬਹੁਤ ਔਖਾ ਹੋ ਜਾਵੇਗਾ। ਕਿਉਂਕਿ ਮਨੁੱਖ ਆਪਣੇ ਛੋਟੇ-ਵੱਡੇ ਲਾਭਾਂ ਲਈ ਵਾਤਾਵਰਨ ਦੀ ਅਣਦੇਖੀ ਕਰਦਾ ਹੋਇਆ ਕੁਦਰਤੀ ਸਰੋਤਾਂ ਦੀ ਬਹੁਤ ਬੇਰਹਿਮੀ ਨਾਲ ਵਰਤੋਂ ਕਰ ਰਿਹਾ ਹੈ, ਜੋ ਕਿ ਬਹੁਤ ਹੀ ਚਿੰਤਾਜਨਕ ਅਤੇ ਮੰਦਭਾਗੀ ਗੱਲ ਹੈ। ਕੁਦਰਤ ਦੀ ਰੱਖਿਆ ਲਈ ਅਸੀਂ ਆਪਣਾ ਫਰਜ਼ ਕਿੰਨਾ ਕੁ ਨਿਭਾ ਰਹੇ ਹਾਂ, ਇਸ ਦਾ ਜਵਾਬ ਸ਼ਾਇਦ ਨਾ ਦੇ ਬਰਾਬਰ ਹੀ ਹੋਵੇਗਾ।

ਵਾਤਾਵਰਣ ਕੋਈ ਰੁੱਖ, ਪਾਣੀ, ਹਵਾ ਜਾਂ ਮਿੱਟੀ ਦਾ ਨਾਮ ਨਹੀਂ। ਇਹ ਤਾਂ ਸਾਡੀ ਜ਼ਿੰਦਗੀ ਲਈ ਉਹ ਅਮੋਲਕ ਦਾਤ ਹੈ ਜਿਸ ਨਾਲ ਸਾਡਾ ਹਰ ਸਾਹ ਜੁੜਿਆ ਹੋਇਆ ਹੈ। ਅਸੀਂ ਜੋ ਹਵਾ ਲੈਂਦੇ ਹਾਂ, ਜੋ ਪਾਣੀ ਪੀਂਦੇ ਹਾਂ ਅਤੇ ਜਿਸ ਧਰਤੀ 'ਤੇ ਤੁਰਦੇ ਹਾਂ — ਇਹ ਸਭ ਕੁਦਰਤ ਦੀਆਂ ਅਨਮੋਲ ਨੇਮਤਾਂ ਹਨ। ਪਰ ਦੁੱਖ ਦੀ ਗੱਲ ਹੈ ਕਿ ਆਧੁਨਿਕਤਾ ਅਤੇ ਵਿਕਾਸ ਦੀ ਅੰਨੀ ਦੌੜ ਵਿੱਚ ਮਨੁੱਖ ਨੇ ਆਪਣੇ ਹੀ ਜੀਵਨ ਦੇ ਆਧਾਰ ਭਾਵ, ਵਾਤਾਵਰਣ ਨੂੰ ਨੁਕਸਾਨ ਪਹੁੰਚਾਇਆ ਹੈ।

ਅੱਜ ਵਿਗਿਆਨ ਅਤੇ ਟੈਕਨੋਲੋਜੀ ਨੇ ਮਨੁੱਖੀ ਜੀਵਨ ਨੂੰ ਬੇਹੱਦ ਆਸਾਨ ਤਾਂ ਬਣਾਇਆ ਹੈ, ਪਰ ਇਸ ਵਿਕਾਸ ਦੀ ਕੀਮਤ ਕੁਦਰਤ ਅਦਾ ਕਰ ਰਹੀ ਹੈ। ਵੱਡੇ-ਵੱਡੇ ਕਾਰਖ਼ਾਨਿਆਂ ਦਾ ਧੂੰਆਂ ਹਵਾ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਪਲਾਸਟਿਕ ਨੇ ਨਦੀਆਂ, ਦਰਿਆਵਾਂ ਅਤੇ ਸਮੁੰਦਰਾਂ ਨੂੰ ਪ੍ਰਦੂਸ਼ਿਤ ਕੀਤਾ ਹੈ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਨਾਲ ਧਰਤੀ ਦਾ ਸੰਤੁਲਨ ਬਿਗੜ ਰਿਹਾ ਹੈ ਜਿਸ ਨਾਲ 'ਗਲੋਬਲ ਵਾਰਮਿੰਗ' ਲਗਾਤਾਰ ਵਧ ਰਹੀ ਹੈ। ਅੱਜ ਭਿਆਨਕ ਗਰਮੀ, ਬੇਮੌਸਮੀ ਬਾਰਸ਼ਾਂ, ਹੜ੍ਹ, ਸੁੱਕਾ ਅਤੇ ਕੁਦਰਤੀ ਆਫ਼ਤਾਂ ਮਨੁੱਖ ਲਈ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕੀਆਂ ਹਨ। ਇਹ ਸਭ ਕੁਦਰਤ ਵੱਲੋਂ ਮਿਲ ਰਹੇ ਚੇਤਾਵਨੀ ਭਰੇ ਸੰਕੇਤ ਹਨ ਕਿ ਹੁਣ ਵੀ ਸਮਾਂ ਹੈ — ਸੰਭਲ ਜਾਓ।

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਹੀ ਮਨੁੱਖ ਨੂੰ ਕੁਦਰਤ ਨਾਲ ਪਿਆਰ ਕਰਨ ਦਾ ਸੰਦੇਸ਼ ਦਿੱਤਾ ਸੀ। ਉਹਨਾਂ ਆਪਣੀ ਬਾਣੀ ਵਿੱਚ ਫ਼ਰਮਾਇਆ ਹੈ —

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।"

ਇਨ੍ਹਾਂ ਪਵਿੱਤਰ ਸ਼ਬਦਾਂ ਵਿੱਚ ਡੂੰਘਾ ਜੀਵਨ ਦਰਸ਼ਨ ਲੁਕਿਆ ਹੋਇਆ ਹੈ। ਗੁਰੂ ਸਾਹਿਬ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ। ਅਰਥਾਤ ਇਨ੍ਹਾਂ ਸਭਨਾਂ ਦਾ ਸਤਿਕਾਰ ਕਰਨਾ ਮਨੁੱਖ ਦਾ ਸਭ ਤੋਂ ਪਹਿਲਾ ਧਰਮ ਹੈ। ਪਰ ਅੱਜ ਮਨੁੱਖ ਆਪਣੇ ਸਵਾਰਥਾਂ ਲਈ ਕੁਦਰਤੀ ਸਾਧਨਾਂ ਦਾ ਬੇਹਿਸਾਬ ਦੁਰਉਪਯੋਗ ਕਰ ਰਿਹਾ ਹੈ।

ਜੇ ਅਸੀਂ ਆਪਣੇ ਆਲੇ-ਦੁਆਲੇ ਨਜ਼ਰ ਮਾਰੀਏ ਤਾਂ ਵਾਤਾਵਰਣ ਪ੍ਰਦੂਸ਼ਣ ਦੇ ਕਈ ਖ਼ਤਰਨਾਕ ਰੂਪ ਸਾਡੇ ਸਾਹਮਣੇ ਆਉਂਦੇ ਹਨ। ਫੈਕਟਰੀਆਂ, ਗਡੀਆਂ ਅਤੇ ਪਰਾਲੀ ਨੂੰ ਲਈ ਅੱਗ ਤੋਂ ਨਿਕਲਦੇ ਧੂੰਏ ਕਾਰਨ ਹਵਾ 'ਚ ਪ੍ਰਦੂਸ਼ਣ ਲਗਾਤਾਰ ਵਧ ਰਿਹਾ ਹੈ। ਇਹ ਪ੍ਰਦੂਸ਼ਿਤ ਹਵਾ ਮਨੁੱਖ ਨੂੰ ਦਮਾ, ਦਿਲ ਦੇ ਰੋਗ ਅਤੇ ਸਾਹ ਸੰਬੰਧੀ ਕਈ ਬਿਮਾਰੀਆਂ ਵੱਲ ਧੱਕ ਰਹੀ ਹੈ। ਇੱਥੇ ਇਹ ਗਲ ਦਸਣਯੋਗ ਹੈ ਕਿ 'ਗਲੋਬਲ ਵਾਰਮਿੰਗ' ਦੇ ਕਾਰਨ ਦੁਨੀਆ ਦੇ ਵੱਧ ਪ੍ਰਦੂਸ਼ਿਤ 20 ਸ਼ਹਿਰਾਂ 'ਚ ਸਭ ਤੋਂ ਜ਼ਿਆਦਾ ਇਕੱਲੇ ਭਾਰਤ ਦੇ ਹੀ ਹਨ।

ਇਸੇ ਤਰ੍ਹਾਂ ਪਾਣੀ ਦਾ ਪ੍ਰਦੂਸ਼ਣ ਵੀ ਗੰਭੀਰ ਰੂਪ ਧਾਰ ਚੁੱਕਿਆ ਹੈ। ਕਾਰਖ਼ਾਨਿਆਂ ਦਾ ਗੰਦਾ ਪਾਣੀ ,ਪਲਾਸਟਿਕ ਅਤੇ ਕੂੜਾ ਦਰਿਆਵਾਂ ਅਤੇ ਝੀਲਾਂ ਵਿੱਚ ਸੁੱਟਿਆ ਜਾ ਰਿਹਾ ਹੈ। ਨਤੀਜੇ ਵਜੋਂ ਪੀਣ ਵਾਲਾ ਪਾਣੀ ਵੀ ਸ਼ੁੱਧ ਨਹੀਂ ਰਿਹਾ ਅਤੇ ਜਿਸ ਨਾਲ ਬਿਮਾਰੀਆਂ ਲਗਾਤਾਰ ਵਧ ਰਹੀਆਂ ਹਨ। ਇਨ੍ਹਾਂ ਪ੍ਰਦੂਸ਼ਿਤ ਪਾਣੀਆਂ ਕਾਰਨ ਹੀ ਕੁਦਰਤੀ ਜਲ ਸਰੋਤਾਂ ਦੇ ਕੰਢੇ ਵਸਦੇ ਲੋਕ ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

ਧਰਤੀ ਪ੍ਰਦੂਸ਼ਣ ਦੀ ਗੱਲ ਕਰੀਏ ਤਾਂ ਪਲਾਸਟਿਕ ਨੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਪਲਾਸਟਿਕ ਨਾ ਸੜਦਾ ਹੈ, ਨਾ ਮਿੱਟੀ ਵਿੱਚ ਮਿਲਦਾ ਹੈ ਅਤੇ ਨਾ ਹੀ ਇਹ ਵਾਤਾਵਰਣ ਲਈ ਲਾਭਦਾਇਕ ਹੈ। ਇਹ ਸਿਰਫ਼ ਧਰਤੀ ਹੀ ਨਹੀਂ, ਸਗੋਂ ਮਨੁੱਖੀ ਜੀਵਨ ਲਈ ਵੀ ਖ਼ਤਰਾ ਬਣ ਚੁੱਕਿਆ ਹੈ।

ਇਸ ਤੋਂ ਇਲਾਵਾ ਸ਼ੋਰ ਪ੍ਰਦੂਸ਼ਣ ਵੀ ਅੱਜ ਇੱਕ ਵੱਡੀ ਸਮੱਸਿਆ ਹੈ। ਲਾਊਡ-ਸਪੀਕਰਾਂ, ਮਸ਼ੀਨਾਂ, ਟ੍ਰੈਫਿਕ ਅਤੇ ਉੱਚੀ ਆਵਾਜ਼ ਵਾਲੇ ਹਾਰਨ ਦਾ ਸ਼ੋਰ-ਸ਼ਰਾਬਾ ਮਨੁੱਖੀ ਮਨ ਦੀ ਸ਼ਾਂਤੀ ਨੂੰ ਖੋਹ ਰਿਹਾ ਹੈ। ਇਸ ਨਾਲ ਤਣਾਅ, ਚਿੜਚਿੜਾਪਣ, ਨੀਂਦ ਦੀ ਘਾਟ ਅਤੇ ਸੁਣਨ ਦੀ ਸਮਰੱਥਾ ਘਟਣ ਵਰਗੀਆਂ ਸਮੱਸਿਆਵਾਂ ਵਧ ਰਹੀਆਂ ਹਨ। ਪਸ਼ੂ-ਪੰਛੀ ਵੀ ਇਸ ਪ੍ਰਦੂਸ਼ਣ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਕੁਦਰਤ ਦੀ ਰੱਖਿਆ ਲਈ ਕੀ ਕੁੱਝ ਕਰ ਸਕਦੇ ਹਾਂ? ਇਸ ਦਾ ਜਵਾਬ ਬਹੁਤ ਸੌਖਾ ਹੈ — ਜੇ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਨੂੰ ਸਮਝ ਲਵੇ ਤਾਂ ਵਾਤਾਵਰਣ ਸੰਬਧੀ ਵੱਡਾ ਬਦਲਾਅ ਲਿਆਂਦਾ ਜਾ ਸਕਦਾ ਹੈ। ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਉਹਨਾਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ। ਪਲਾਸਟਿਕ ਦੀ ਵਰਤੋਂ ਘਟਾ ਕੇ ਕਪੜੇ ਜਾਂ ਕਾਗਜ਼ ਦੇ ਥੈਲਿਆਂ ਨੂੰ ਅਪਣਾਉਣਾ ਚਾਹੀਦਾ ਹੈ। ਪਾਣੀ ਅਤੇ ਬਿਜਲੀ ਦੀ ਫ਼ਜ਼ੂਲ ਖਪਤ ਤੋਂ ਬਚਣਾ ਚਾਹੀਦਾ ਹੈ। ਆਪਣੇ ਆਲੇ-ਦੁਆਲੇ ਸਫ਼ਾਈ ਰੱਖਣੀ ਅਤੇ ਕੂੜਾ-ਕਰਕਟ ਇੱਧਰ-ਉੱਧਰ ਨਾ ਸੁੱਟਣਾ ਵੀ ਸਾਡੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ।

ਸਕੂਲਾਂ ਅਤੇ ਕਾਲਜਾਂ ਵਿੱਚ ਵੀ ਵਾਤਾਵਰਣ ਸੰਬੰਧੀ ਜਾਗਰੂਕਤਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਕੁਦਰਤ ਨਾਲ ਪਿਆਰ ਅਤੇ ਵਾਤਾਵਰਣ ਦੀ ਮਹੱਤਤਾ ਬਾਰੇ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਕਿਉਂਕਿ ਸਰਕਾਰਾਂ ਅਤੇ ਵੱਖ-ਵੱਖ ਵਾਤਾਵਰਣ ਪ੍ਰੇਮੀਆ ਵੱਲੋਂ ਚਲਾਈਆਂ ਜਾ ਰਹੀਆਂ ਮੁਹਿੰਮਾਂ ਤਦੋਂ ਹੀ ਸਫ਼ਲ ਹੋ ਸਕਦੀਆਂ ਹਨ ਜਦੋਂ ਹਰ ਨਾਗਰਿਕ ਆਪਣੇ ਫਰਜ਼ ਨੂੰ ਸਮਝੇਗਾ।

ਧਰਤੀ ਹੀ ਸਾਡਾ ਅਸਲ ਘਰ ਹੈ। ਜੇ ਅਸੀਂ ਇਸ ਦੀ ਸੰਭਾਲ ਨਹੀਂ ਕਰਾਂਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਚਾਰ-ਚੁਫੇਰਿਓਂ ਸਾਫ਼ ਹਵਾ, ਸ਼ੁੱਧ ਪਾਣੀ ਅਤੇ ਸੁਖਮਈ ਜੀਵਨ ਨਹੀਂ ਮਿਲ ਸਕੇਗਾ। ਸਮੇਂ ਦੀ ਮੰਗ ਹੈ ਕਿ ਅਸੀਂ ਕੁਦਰਤ ਨਾਲ ਮੁੜ ਆਪਣਾ ਰਿਸ਼ਤਾ ਮਜ਼ਬੂਤ ਬਨਾਉਂਦੇ ਹੋਏ ਇਨ੍ਹਾਂ ਵਾਤਾਵਰਣ ਸੰਬਧੀ ਰੱਬੀ ਅਨਮੋਲ ਦਾਤਾਂ ਦਾ ਆਨੰਦ ਮਾਣੀਏ।

ਸੋ ਆਓ, ਇਸ 'ਵਿਸ਼ਵ ਕੁਦਰਤ ਸੰਭਾਲ ਦਿਵਸ' ਮੌਕੇ ਅਸੀਂ ਸਭ ਮਿਲ ਕੇ ਇਹ ਦ੍ਰਿੜ ਸੰਕਲਪ ਕਰੀਏ ਕਿ ਧਰਤੀ ਨੂੰ ਹਰਾ-ਭਰਾ, ਸੁੰਦਰ ਅਤੇ ਸੁਰੱਖਿਅਤ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਵਾਂਗੇ। ਅਸੀਂ ਵੱਧ ਤੋਂ ਵੱਧ ਰੁੱਖ ਲਗਾ ਕੇ ਕੁਦਰਤ ਨਾਲ ਆਪਣੇ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਾਂਗੇ, ਪਾਣੀ ਦੀ ਇੱਕ-ਇੱਕ ਬੂੰਦ ਦੀ ਕਦਰ ਕਰਦਿਆਂ ਉਸਦੀ ਸੰਭਾਲ ਕਰਾਂਗੇ ਅਤੇ ਪਲਾਸਟਿਕ ਵਰਗੀਆਂ ਵਾਤਾਵਰਨ ਲਈ ਘਾਤਕ ਚੀਜ਼ਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਾਂਗੇ।

ਅਸੀਂ ਆਪਣੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਾਂਗੇ, ਪ੍ਰਦੂਸ਼ਣ ਘਟਾਉਣ ਲਈ ਯਤਨ ਕਰਾਂਗੇ ਅਤੇ ਲੋਕਾਂ ਨੂੰ ਵੀ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਦਾ ਉਪਰਾਲਾ ਕਰਾਂਗੇ। ਕਿਉਂਕਿ ਸਾਫ਼ ਹਵਾ, ਸ਼ੁੱਧ ਪਾਣੀ ਅਤੇ ਹਰਿਆਵਲ ਹੀ ਸਿਹਤਮੰਦ ਜੀਵਨ ਦੀ ਅਸਲ ਨੀਂਹ ਹਨ। ਜੇ ਅਸੀਂ ਅੱਜ ਤੋਂ ਹੀ ਕੁਦਰਤ ਦੀ ਰੱਖਿਆ ਲਈ ਸੱਚੇ ਦਿਲੋਂ ਯਤਨ ਕਰਾਂਗੇ ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਸੁੰਦਰ, ਸੁਰੱਖਿਅਤ ਅਤੇ ਰਹਿਣ ਯੋਗ ਧਰਤੀ ਦੇ ਸਕਾਂਗੇ।




**ਪਲਕਪ੍ਰੀਤ ਕੌਰ ਬੇਦੀ**
**ਲਾਇਲਪੁਰ ਖ਼ਾਲਸਾ ਕਾਲਜ**
**ਪੱਤਰਕਾਰਤਾ ਵਿਭਾਗ**
**ਜਲੰਧਰ**

# '' ਚੁੱਪ ਸਾਧਨਾ ਹੈ ਤੇ ਬੋਲਣਾ ਕਲਾ ਹੈ''

ਚੁੱਪ ਇੱਕ ਇਹੋ ਜਿਹਾ ਮਜ਼ਮੂਨ ਹੈ ਜਿਸ ਉੱਪਰ ਚਾਹੇ ਇੱਕ ਮੋਟੀ ਕਿਤਾਬ ਲਿਖ ਲਓ। "ਚੁੱਪ" ਆਪਣੇ ਆਪ ਵਿੱਚ ਜਿੰਨਾ ਛੋਟਾ ਜਿਹਾ ਸ਼ਬਦ ਹੈ,ਇਸ ਦੇ ਅਰਥ ਓਨੇ ਹੀ ਗਹਿਰੇ ਅਤੇ ਵਿਸ਼ਾਲ ਹਨ ,ਜਿੰਨਾਂ ਇਹ ਸ਼ਾਂਤ ਜਿਹਾ ਲੱਗਦਾ ਹੈ ਓਨਾ ਹੀ ਇਹ ਜਵਾਰਭਾਟਿਆਂ ਵਾਂਗੂੰ ਖੌਰੂ ਪਾਉਂਦਾ ਹੈ, ਜਿੰਨਾਂ ਸਾਊ ਲੱਗਦਾ ਹੈ ਓਨਾ ਹੀ ਇਹ ਮਿੰਨ੍ਹਾ ਜਿਹਾ ਸ਼ਰਾਰਤੀ ਜਿਹਾ ਵੀ ਹੁੰਦਾ ਹੈ। ਚੁੱਪ, ਉੱਪਰੋਂ ਉੱਪਰੋਂ ਇੱਕ ਸ਼ਾਂਤ ਦਿਸਣ ਵਾਲ਼ੇ ਸਮੁੰਦਰ ਵਾਂਗ ਹੁੰਦੀ ਹੈ ਜਿਸ ਦੇ ਅੰਦਰ ਕਿੰਨ੍ਹੇ ਹੀ ਮਗਰਮੱਛ, ਵੱਡੀਆਂ ਛੋਟੀਆਂ ਮੱਛੀਆਂ ਅਤੇ ਹੋਰ ਅਨੇਕਾਂ ਕਿਸਮਾਂ ਦੇ ਜੀਵ ਜੰਤੂ ਕੁ਼ਲਬੁ਼ਲ ਕੁ਼ਲਬੁ਼ਲ ਕਰਦੇ ਫਿਰਦੇ ਹਨ। ਬਿਲਕੁਲ ਇਸੇ ਤਰ੍ਹਾਂ ਮਨੁੱਖ ਇਕੱਲਾ ਜਾਂ ਚਹੁੰ ਜਣਿਆਂ ਵਿੱਚ ਬੈਠਾ ਚਾਹੇ ਬੁੱਲ੍ਹਾਂ ਦੀਆਂ ਦੋ ਪੱਤੀਆਂ ਨੂੰ ਜੋੜੀ ਦੋ ਘੰਟੇ ਬੈਠਾ ਰਹੇ ਪਰ ਉਸ ਦੇ ਅੰਦਰਲੇ ਖਿਆਲਾਂ ਵਾਲ਼ੇ ਜੀਵ ਜੰਤੂ ਉਸ ਨੂੰ ਇੱਕ ਮਿੰਟ ਵੀ ਸ਼ਾਂਤ ਨਹੀਂ ਰਹਿਣ ਦਿੰਦੇ। ਇਹ ਸ਼ੋਰ ਉੱਚੀ ਉੱਚੀ ਬੋਲ ਕੇ ਰੌ਼ਲਾ ਪਾਉਣ ਵਾਲੇ ਸ਼ੋਰ ਨਾਲੋਂ ਕਿਤੇ ਜ਼ਿਆਦਾ ਹੁੰਦਾ ਹੈ। ਜੇ ਦੇਖਿਆ ਜਾਏ ਤਾਂ ਚੁੱਪ ਨੂੰ ਵੀ ਕਈ ਤਰ੍ਹਾਂ ਨਾਲ ਪ੍ਰਭਾਸ਼ਿਤ ਕੀਤਾ ਜਾਂਦਾ ਹੈ।

ਗੁਰਬਾਣੀ ਦੀ ਤੁਕ,"ਜਿਥੈ ਬੋਲਣਿ ਹਾਰੀਐ ਤਿਥੈ ਭਲੀ ਚੁੱਪ" ਅਨੁਸਾਰ ਜਿੱਥੇ ਜ਼ਿਆਦਾ ਬੋਲ ਕੇ ਦੂਜਿਆਂ ਸਾਹਮਣੇ ਹੇਠੀ ਹੁੰਦੀ ਹੋਵੇ ਜਾਂ ਤੁਹਾਡੇ ਬੋਲਾਂ ਨੂੰ ਕੋਈ ਤਰਜੀਹ ਨਾ ਦੇ ਰਿਹਾ ਹੋਵੇ ਤਾਂ ਉੱਥੇ ਚੁੱਪ ਕਰ ਜਾਣਾ ਚਾਹੀਦਾ ਹੈ। ਆਪਣਾ ਸਵੈਮਾਣ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਚੁੱਪ ਹੀ ਹੁੰਦਾ ਹੈ। ਚੁੱਪ ਨੂੰ ਸੁੱਖ ਦਾ ਸਾਧਨ ਦਰਸਾਉਣ ਲਈ ਵੱਡਿਆਂ ਵੱਲੋਂ ਛੋਟਿਆਂ ਨੂੰ ਅਕਲ ਦਿੰਦੇ ਹੋਏ ਜਾਂ ਲੜਾਈ ਝਗੜੇ ਨੂੰ ਵਿਰਾਮ ਦੇਣ ਲਈ ਥੋੜੀ ਜਿਹੀ ਸਿਆਣੀ ਧਿਰ ਨੂੰ ਸਮਝਾਉਣ ਲਈ 'ਇੱਕ ਚੁੱਪ ਸੌ ਸੁੱਖ ' ਮੁਹਾਵਰਾ ਵੀ ਆਮ ਕਰਕੇ ਵਰਤਿਆ ਜਾਂਦਾ ਹੈ। ਪਰ ਕਈ ਕਈ ਵਾਰ ਚੁੱਪ ਵਰਦਾਨ ਸਾਬਿਤ ਹੁੰਦੀ ਹੈ ਪਰ ਹਰ ਵਾਰ ਵਰਦਾਨ ਵੀ ਸਾਬਿਤ ਨਹੀਂ ਹੋ ਸਕਦੀ। ਸਿਆਣੇ ਕਹਿੰਦੇ ਹਨ ਕਿ "ਅੱਤ ਭਲਾ ਨਾ ਬੋਲਣਾ, ਅੱਤ ਨਾ ਭਲੀ ਚੁੱਪ, ਅੱਤ ਨਾ ਭਲਾ ਮੇਘਲਾ, ਅੱਤ ਨਾ ਭਲੀ ਧੁੱਪ" ਇਹ ਗੱਲ ਵੀ ਬਿਲਕੁਲ ਸਹੀ ਹੈ ਕਿਉਂਕਿ ਜੇ ਬਹੁਤਾ ਬੋਲਣ ਨਾਲ ਪੁਆੜੇ ਪੈ ਜਾਂਦੇ ਹਨ ਤਾਂ ਕਈ ਵਾਰੀ ਚੁੱਪ ਰਹਿਣ ਨਾਲ ਉਸ ਤੋਂ ਕਿਤੇ ਵੱਧ ਪੁਆੜੇ ਪੈ ਸਕਦੇ ਹਨ। ਜਿੱਥੇ ਘਰਾਂ ਪਰਿਵਾਰਾਂ ਵਿੱਚ, ਦਫ਼ਤਰਾਂ ਵਿੱਚ ਜਾਂ ਦੋਸਤਾਂ ਮਿੱਤਰਾਂ ਵਿੱਚ, ਰਿਸ਼ਤਿਆਂ ਵਿੱਚ ਜਾਂ ਆਂਢ ਗੁਆਂਢ ਵਿੱਚ ਬਹੁਤਾ ਬੋਲ ਕੇ ਫਿੱਕ ਪੈ ਜਾਂਦੇ ਹਨ ਉੱਥੇ ਕਈ ਵਾਰ ਸਹੀ ਜਾਂ ਗ਼ਲਤ ਧਿਰ ਬਾਰੇ ਆਪਣਾ ਪੱਖ ਰੱਖਣ ਜਾਂ ਆਪਣੇ ਵਿਚਾਰ ਪੇਸ਼ ਕਰਨ ਦੀ ਬਿਜਾਏ ਚੁੱਪ ਧਾਰ ਲਈ ਜਾਵੇ ਤਾਂ ਉਹ ਚੁੱਪ ਵੀ ਖ਼ਤਰਨਾਕ ਸਾਬਤ ਹੁੰਦੀ ਹੈ। ਕਈ ਵਾਰ ਰਿਸ਼ਤਿਆਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਚੁੱਪ ਤੋੜਨੀ ਜ਼ਰੂਰੀ ਹੁੰਦੀ ਹੈ,ਕਈ ਤਰ੍ਹਾਂ ਦੀਆਂ ਗ਼ਲਤ ਫ਼ਹਿਮੀਆਂ ਦੂਰ ਕਰਨ ਲਈ ਵੀ ਚੁੱਪ ਤੋੜਨੀ ਬਹੁਤ ਜ਼ਰੂਰੀ ਹੁੰਦੀ ਹੈ। ਕਈ ਵਾਰ ਇੱਕ ਧਿਰ ਵੱਲੋਂ ਧਾਰੀ ਹੋਈ ਚੁੱਪ ਦੋ ਪਿਆਰ ਕਰਨ ਵਾਲਿਆਂ ਨੂੰ ਜਾਂ ਰਿਸ਼ਤੇਦਾਰਾਂ ਨੂੰ ਸਦਾ ਲਈ ਇੱਕ ਦੂਜੇ ਤੋਂ ਦੂਰ ਕਰ ਦਿੰਦੀ ਹੈ। ਹੁਣ ਆਪਾਂ ਮਨੁੱਖ ਦੇ ਇਕਾਂਤ ਵਾ਼ਲੀ ਚੁੱਪ ਤੇ ਵੀ ਨਜ਼ਰ ਮਾਰ ਲਈਏ । ਜਦੋਂ ਮਨੁੱਖ ਆਪਣੇ ਕਮਰੇ ਵਿੱਚ ,ਘਰ ਵਿੱਚ, ਸਫ਼ਰ ਕਰਦਿਆਂ ,ਦਫ਼ਤਰ ਵਿੱਚ ਇਕੱਲੇ ਬੈਠਿਆਂ ਜਾਂ ਕਿਧਰੇ ਹੋਰ ਬਿਲਕੁਲ ਇਕੱਲਾ ਚੁੱਪ ਬੈਠਾ ਹੋਵੇ ਤਾਂ ਉਦੋਂ ਉਸ ਅੰਦਰ ਵਿਚਾਰਾਂ ਦੀ ਗਤੀ ਬਹੁਤ ਤੇਜ਼ ਰਫ਼ਤਾਰੀ ਨਾਲ ਚੱਲ ਰਹੀ ਹੁੰਦੀ ਹੈ। ਉਹਨਾਂ ਵਿਚਾਰਾਂ ਵਿੱਚੋਂ ਹੀ ਉਸ ਅੰਦਰੋਂ ਇੱਕ ਊਰਜਾ, ਇੱਕ ਚੇਤਨਾ, ਇੱਕ ਸੰਘਰਸ਼ ਉਪਜਦਾ ਹੈ। ਜੇ ਕਿਤੇ ਇਸ ਇਕਾਂਤ ਵਾ਼ਲੀ ਚੁੱਪ ਵਿੱਚ ਮਨੁੱਖ ਸਾਕਾਰਾਤਮਕ ਸੋਚ ਰੂਪੀ ਬੀਜ ਪਾ ਦੇਵੇ ਤਾਂ ਇਸ ਵਿੱਚੋਂ ਉਸ ਦੇ ਚੰਗੇ ਭਵਿੱਖ ਨਿਰਮਾਣ ਲਈ ਸੁਗੰਧੀਆਂ ਮਾਰਨ ਵਾਲੇ ਨਵੇਂ ਬੂਟੇ ਉੱਗਣ ਲੱਗਣਗੇ ਤੇ ਉਹ ਆਪਣੇ ਸਮਾਜ ਅਤੇ ਦੇਸ਼ ਲਈ ਵੀ ਚੰਗੀਆਂ ਯੋਜਨਾਵਾਂ ਰੂਪੀ ਬਗੀਚੀ ਉਗਾ ਸਕਦਾ ਹੈ ਜਿਸ ਦੀ ਮਹਿਕ ਚਾਰੇ ਪਾਸੇ ਫੈਲੇਗੀ । ਜੇ ਕਿਤੇ ਇਕਾਂਤ ਵਾ਼ਲੀ ਚੁੱਪ ਵਿੱਚ ਉਹ ਨਾਕਾਰਾਤਮਕ ਸੋਚ ਨੂੰ ਪਾਲਣ ਲੱਗ ਜਾਵੇ ਤਾਂ ਅੱਤ ਦਾ ਗੁੱਸਾ ਅੰਦਰੋਂ ਅੰਦਰ ਪੈਦਾ ਹੋ ਕੇ ਜਵਾਲਾ ਦਾ ਰੂਪ ਧਾਰਨ ਕਰ ਸਕਦਾ ਹੈ ਤੇ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਆਤਮਘਾਤ ਵਰਗੀਆਂ ਘਟਨਾਵਾਂ ਨੂੰ ਵੀ ਅੰਜਾਮ ਦੇ ਸਕਦਾ ਹੈ। ਜੇ ਉਹੀ ਮਨੁੱਖ ਆਪਣੀ ਚੁੱਪ ਨੂੰ ਤੋੜ ਕੇ ਆਪਣੇ ਅੰਦਰ ਚੱਲ ਰਹੇ ਵਿਚਾਰਾਂ ਨੂੰ ਕਿਸੇ ਨਾਲ ਸਾਂਝਾ ਕਰ ਲਵੇ ਤਾਂ ਆਤਮਘਾਤ ਵਰਗੀਆਂ ਘਟਨਾਵਾਂ ਤੋਂ ਬਚ ਸਕਦਾ ਹੈ। ਪਹਿਲਾਂ ਪਹਿਲ ਵੱਡੇ ਪਰਿਵਾਰਾਂ ਦੇ ਚੱਲਦੇ ਸਭ ਨਾਲ ਗੱਲਾਂ ਬਾਤਾਂ ਕਰਦੇ ਸਮਾਂ ਬੀਤ ਜਾਂਦਾ ਸੀ ਕਿਸੇ ਕੋਲ ਅਲੱਗ ਇਕੱਲੇ ਬੈਠ ਕੇ ਲੰਮਾ ਸਮਾਂ ਵਿਚਾਰਾਂ ਦੀ ਲੜਾਈ ਨਹੀਂ ਲੜਨੀ ਪੈਂਦੀ ਸੀ ਜਿਸ ਕਰਕੇ ਹਰ ਵਿਅਕਤੀ ਦਾ ਚਿਹਰਾ ਖਿੜਿਆ ਖਿੜਿਆ ਰਹਿੰਦਾ ਸੀ।

ਸੋ ਮੁੱਕਦੀ ਗੱਲ ਇਹ ਹੈ ਕਿ "ਚੁੱਪ ਇੱਕ ਸਾਧਨਾ ਹੈ ਤੇ ਬੋਲਣਾ ਇੱਕ ਕਲਾ ਹੈ" ਦੇ ਸਿਧਾਂਤ ਤੇ ਚੱਲਦਿਆਂ ਆਪਣੀ ਜ਼ਿੰਦਗੀ ਨੂੰ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਬਣਾਈਏ। ਜਿੱਥੇ ਬੋਲ ਕੇ ਮਸਲੇ ਹੱਲ ਕੀਤੇ ਜਾ ਸਕਦੇ ਹੋਣ ਉੱਥੇ ਚੁੱਪ ਰਹਿਣਾ ਮੂਰਖਤਾ ਹੋਵੇਗੀ ਤੇ ਜਿੱਥੇ ਚੁੱਪ ਰਹਿ ਕੇ ਹੱਲ ਨਿਕਲਦੇ ਹੋਣ ਉੱਥੇ ਚੁੱਪ ਹੀ ਭਲੀ ਹੁੰਦੀ ਹੈ ਪਰ ਇਕਾਂਤ ਵਾ਼ਲੀ ਚੁੱਪ ਦਾ ਇਸਤੇਮਾਲ ਬਹੁਤ ਧਿਆਨ ਪੂਰਵਕ ਕਰਨਾ ਚਾਹੀਦਾ ਹੈ ਕਿਉਂਕਿ ਉਸ ਦੀ ਮਨੁੱਖੀ ਜੀਵਨ ਵਿੱਚ ਬਹੁਤ ਅਹਿਮੀਅਤ ਹੈ। ਅੱਜ ਕੱਲ੍ਹ ਛੋਟੇ ਪਰਿਵਾਰ ਹੋਣ ਕਰਕੇ ਵੱਡਿਆਂ ਅਤੇ ਬੱਚਿਆਂ ਉੱਪਰ ਇਕਾਂਤ ਵਾ਼ਲੀ ਚੁੱਪ ਦਾ ਪਹਿਰਾ ਹੈ।ਇਸ ਲਈ ਜਦੋਂ ਵੀ ਘਰ ਵਿੱਚ ਪਰਿਵਾਰ ਦੇ ਬਾਕੀ ਜੀਆਂ ਨਾਲ ਇਕੱਠੇ ਬੈਠਣ ਲਈ ਵਕ਼ਤ ਮਿ਼ਲੇ ਤਾਂ ਉਸ ਸਮੇਂ ਹਾਂ ਪੱਖੀ ਹਾਲਾਤਾਂ ਨੂੰ ਸਿਰਜਿਆ ਜਾਵੇ ਅਤੇ ਆਪਸੀ ਗੱਲਬਾਤ ਸਾਕਾਰ-ਾਤਮਕ ਤਰੀਕੇ ਨਾਲ ਨਿਬੇੜੀ ਜਾਵੇ ਕਿਉਂਕਿ ਇਹੀ ਵਿਚਾਰ ਇਕਾਂਤ ਵਾ਼ਲੀ ਚੁੱਪ ਵਿੱਚ ਘੁੰਮਦੇ ਘੁੰਮਦੇ ਸੋਚਾਂ ਬਣ ਕੇ ਕਈ ਗੁਣਾਂ ਵਧ ਜਾਂਦੇ ਹਨ । ਜਿਸ ਨਾਲ ਇਹੀ ਪੱਖ ਹਰ ਮਨੁੱਖ ਦਾ ਰਵੱਈਆ ਬਣ ਕੇ ਉੱਭਰਦਾ ਹੈ। ਇਸ ਲਈ ਹਰ ਵਿਅਕਤੀ ਦੀ ਸ਼ਖ਼ਸੀਅਤ ਦੇ ਨਿਰਮਾਣ ਵਿੱਚ ਜਿੱਥੇ ਇਕਾਂਤ ਵਾ਼ਲੀ ਚੁੱਪ ਵਿੱਚੋਂ ਉਪਜੀ ਸੋਚ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ ਉੱਥੇ ਹੀ ਉਸ ਵੱਲੋਂ ਸਹੀ ਸਮੇਂ ਬੋਲੇ ਜਾਣ ਵਾਲੇ ਅਰਥ ਭਰਪੂਰ ਸ਼ਬਦ ਵੀ ਉਸ ਦੀ ਅਕਲ ਦਾ ਪ੍ਰਗਟਾਵਾ ਕਰਦੇ ਹਨ।



ਬਰਜਿੰਦਰ ਕੌਰ ਬਿਸਰਾਓ...
9988901324

# (ਪ੍ਰਮਾਤਮਾ ਦੀ ਭਾਸ਼ਾ ਮੌਨ ਹੁੰਦੀ)

ਪਰਮਾਤਮਾ ਦੀ ਭਾਸ਼ਾ, ਚੁੱਪ ਦੀ ਭਾਸ਼ਾ ਹੁੰਦੀ। ਉਹ ਰੌਲਾ ਨ੍ਹੀਂ ਪਾਉਂਦੀ ਲਲਕਾਰੇ ਨਹੀਂ ਮਾਰਦੀ। ਗੂੰਗੀ ਬਣ ਕੇ,ਸੱਚ ਝੂਠ ਦੇ ਨਿਤਾਰੇ ਕਰ ਮਾਰਦੀ। ਨਾ ਉਹ ਕਿਸੇ ਦੀ ਤਰਫਦਾਰੀ ਕਰਦੀ, ਨਾ ਕਿਸੇ ਦਾ ਪੱਖ ਪੂਰਦੀ। ਲੁਕ ਛਿੱਪ ਕੇ ਚੋਰੀ ਕਰਨ ਵਾਲਿਆਂ ਨੂੰ ਰਹੇ ਘੂਰਦੀ। ਆਮ ਸੁਹਿਰਦ ਯਤਨ ਕਰਦੇ ਰਹੋ, ਤੁਹਾਡਾ ਵੀ ਭਲਾ ਦੇਸ਼ ਦਾ ਵੀ ਭਲਾ। ਖੁਦ ਨੂੰ ਬਦਲੋਗੇ ਸੰਵਾਰੋਗੇ, ਆਵੇਗਾ ਵੱਡਾ ਬਦਲਾਅ। ਚੰਗੀਆਂ ਗੱਲਾਂ ਕਰੋ, ਮਾਤਾ ਪਿਤਾ ਦਾ ਸਤਿਕਾਰ ਕਰੋ।

ਇੱਕ ਪੇੜ ਲਗਾਓ, ਨੋਟਾਂ, ਕੰਧਾਂ ਤੇ ਨਾ ਲਿਖੋ, ਸੜਕਾਂ,ਕੰਧਾਂ ਉੱਤੇ ਨਾ ਥੁਕੋ,ਪਾਣੀ ਤੇ ਲਾਈਟ ਦੀ ਬੱਚਤ ਕਰੋ। ਬੁਰੀਆਂ ਗੱਲਾਂ ਕਰਨ ਤੋਂ ਬਚੋ, ਕੂੜਾ ਸੜਕਾਂ ਤੇ ਨਾ ਸੁੱਟੋ, ਟ੍ਰੈਫਿਕ ਨਿਯਮਾਂ ਦਾ ਉਲੰਘਣ ਨਾ ਕਰੋ, ਗਾਲੀਆਂ ਦੇਣਾ ਬੰਦ ਕਰੋ, ਔਰਤਾਂ ਨੂੰ ਬੇਇੱਜਤ ਨਾ ਕਰੋ, ਐਂਬੂਲੈਂਸਾਂ ਦਾ ਰਸਤਾ ਨਾ ਰੋਕੋ, ਸਾਰੀਆਂ ਗੱਲਾਂ ਤੇ ਅਮਲ ਕਰੋ। ਇਸ ਦੇ ਵਿੱਚ ਹੀ ਸਭ ਦਾ ਤੇ ਦੇਸ਼ ਦਾ ਭਲਾ ਹੈ। ਸਮਾਜ ਵਿੱਚ ਰਚਨਾਤਮਕ ਤਬਦੀਲੀ ਆਵੇਗੀ।ਮੌਨ ਭਾਸ਼ਾ ਨਾਲ ਪ੍ਰਭੂ ਨਾਲ ਮਿਲਾਪ ਹੋਵੇਗਾ।

ਜਦੋਂ ਸਾਰੇ ਇਸ ਰਾਹ ਤੇ ਚੱਲਣਗੇ, ਤਾਂ ਤੁਹਾਡੇ ਰੋਮ ਰੋਮ ਵਿੱਚ ਖੁਸ਼ੀਆਂ ਦੀ ਬਰਸਾਤ ਹੋਏਗੀ। ਜਿਵੇਂ ਕਹਿੰਦੇ ਹਨ ਕਿ ਇੱਕ ਲਿਬੜੀ ਹੋਈ ਮੱਝ ਸਾਰੇ ਪਸ਼ੂਆਂ ਨੂੰ ਲਬੇੜ ਦਿੰਦੀ ਹੈ,। ਅਸਾਨੂੰ ਸਾਰਿਆਂ ਨੂੰ ਰਲ ਕੇ ਚੰਗੇ ਪਾਸੇ ਵੱਲ ਹੰਬਲਾ ਮਾਰਨਾ ਚਾਹੀਦਾ ਹੈ , ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਵੀ ਪ੍ਰੇਰਨਾ ਮਿਲਦੀ ਰਹੇ ਅਤੇ



ਉਹ ਅੱਗੇ ਵਧਦੇ ਰਹਿਣ। "ਕਰ ਭਲਾ ਹੋ ਭਲਾ"ਦੇ ਅਸੂਲ ਤੇ ਚੱਲ ਕੇ ਜੀਵਨ ਸਫਲਾ ਕਰੀਏ।

ਯੋਗ-ਵਿਯੋਗ, ਲੋਮ-ਵਿਲੋਮ, ਜਲਦੀ ਸੌਣਾ, ਜਲਦੀ ਉੱਠਣਾ, ਪ੍ਰਾਣਾਯਾਮ-ਵਿਆਯਾਮ, ਤਾੜੀ ਵਜਾਉਣਾ, ਸਾਦਾ ਘੜੇ ਦਾ ਪਾਣੀ ਪੀਣਾ, ਭੋਜਨ ਖੂਬ ਚਬਾ ਕੇ ਖਾਣਾ, ਸਧਾਰਨ ਘੜੇ ਦਾ ਪਾਣੀ ਪੀਣਾ, ਚ ਪਾਣੀ ਨੂੰ ਵੀ ਖਾਣੇ ਵਾਂਗੂੰ ਚਬਾ ਕੇ ਪੀਣਾ, ਭੋਜਨ ਕਰਨ ਤੋਂ ਬਾਅਦ ਬ੍ਰਜ-ਆਸਨ ਵਿੱਚ ਬੈਠਣਾ, ਸੰਤੋਖ ਵਿੱਚ ਰਹਿਣਾ,ਹੱਸੀ-ਮਜਾਕ ਕਰਨਾ, ਖੁਸ਼ ਰਹਿਣ ਦਾ ਫੈਸਲਾ, ਸਭ ਨਾਲ ਮਿਲ ਜੁਲ ਕੇ ਰਹਿਣਾ, ਸੱਚੇ ਮਿੱਤਰਾਂ ਨਾਲ ਸੱਚਾ ਮਿੱਤਰ ਬਣ ਕੇ ਰਹਿਣਾ, ਇਮਾਨਦਾਰੀ ਅਤੇ ਸਕਾਰਾਤਮਕਤਾ,ਹਰ ਦਿਨ ਦਾ ਭਰਪੂਰ ਆਨੰਦ ਲੈਣਾ, ਸਵੇਰੇ ਸ਼ਾਮ ਟਹਿ-ਲਣਾ, ਸੂਰਜ ਦੇ ਪ੍ਰਕਾਸ਼ ਦਾ ਆਨੰਦ ਲੈਣਾ, ਪਰਿਵਾਰ ਨਾਲ ਬੈਠ ਕੇ ਖਾਣੇ ਦਾ ਆਨੰਦ ਲੈਣਾ, ਕਿਸੇ ਵਾਸਤੇ ਉਸ ਦੀ ਭਲਾਈ ਲਈ,ਦੁਆ ਕਰਦੇ ਰਹਿਣਾ ਇਹ ਸਭ ਗੱਲਾਂ ਮੁਫਤ ਵਿੱਚ ਦਵਾਈ ਦਾ ਕੰਮ ਕਰਦੀਆਂ ਹਨ।



ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639

# " ਸਮਕਾਲ ਹਾਲਾਤਾਂ ਦਾ ਵਰਨਣ ਕਰਦਾ ਕਹਾਣੀ ਸੰਗ੍ਰਹਿ - ਕਾਣੀ - ਵੰਡ"

**ਪੁਸਤਕ ਦਾ ਨਾਂ – ਕਾਣੀ –ਵੰਡ (ਕਹਾਣੀ ਸੰਗ੍ਰਹਿ)**
**ਕਹਾਣੀਕਾਰ – ਅਸ਼ਵਨੀ ਕੁਮਾਰ ਸਾਵਨ**
**ਪੰਨੇ – 120**
**ਕੀਮਤ – 300/– ਰੁਪਏ**
**ਪ੍ਰਕਾਸ਼ਕ – ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ।**

ਅਜੋਕੀ ਕਹਾਣੀ ਦਾ ਬਿਰਤਾਂਤ ਹੁਣ ਪਹਿਲੀ ਦੀ ਕਹਾਣੀ ਦੇ ਬਿਰਤਾਂਤ ਤੋਂ ਬਹੁਤ ਅੱਗੇ ਲੰਘ ਗਿਆ ਹੈ। ਪ੍ਰੇਮ ਵਿਚ ਗੜੁੱਚ ਕਹਾਣੀਆਂ ਦੀ ਥਾਂ ਹੁਣ ਵਰਤਮਾਨ ਸਥਿਤੀਆਂ ਨੂੰ ਪ੍ਰਦਰਸ਼ਿਤ ਕਰਦੀਆਂ ਕਹਾਣੀਆਂ ਜਿਵੇਂ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਸਥਿਤੀਆਂ ਵਿੱਚੋ ਗੁਜਰਦੇ ਮਨੁੱਖ ਦੀ ਤ੍ਰਾਸਦੀ ਪੇਸ਼ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਅੱਜ ਦੇ ਕਿਸੇ ਵੀ ਕਹਾਣੀਕਾਰ ਦੀ ਕਹਾਣੀ ਦਾ ਅਧਿਐਨ ਕਰੀਏ ਤਾਂ ਅਜਿਹੀਆਂ ਪ੍ਰਵਿਰਤੀਆਂ ਸਾਹਮਣੇ ਆਉਂਦੀਆਂ ਹਨ। ਅਜਿਹੀਆਂ ਵਿਸੰਗਤੀਆਂ ਨੂੰ ਰੂਪਮਾਨ ਕਰਦੀ ਪੁਸਤਕ ਹੈ ਕਾਣੀ - ਵੰਡ। ਅੱਜ ਦੇ ਸਮੇਂ ਸਾਡੇ ਸਮਾਜ ਵਿਚ ਲੋਕਾਂ ਦੇ ਹਿੱਤਾਂ ਨੂੰ ਛੱਡ ਕੇ ਸਵਾਰਥਪਣ ਹਾਵੀ ਹੁੰਦਾ ਜਾ ਰਿਹਾ ਹੈ।


ਅਸ਼ਵਨੀ ਕੁਮਾਰ ਸਾਵਨ ਦਾ ਹਥਲਾ ਦੂਜਾ ਕਹਾਣੀ ਸੰਗ੍ਰਹਿ ਹੈ ਕਾਣੀ - ਵੰਡ। ਉਂਝ ਮੌਲਿਕ ਤੌਰ ਤੇ ਸਾਵਨ ਨਾਟਕ ਰਚੇਤਾ ਹੈ ਜਿਸ ਨੇ ਸਮਾਜਿਕ ਵਿਸੰਗਤੀਆਂ ਨੂੰ ਪੂਰੇ ਨਾਟਕ, ਸੋਲੋ ਨਾਟਕ, ਨੁੱਕੜ ਨਾਟਕਾਂ ਰਾਹੀਂ ਆਪਣੇ ਹਾਵ ਭਾਵ ਪੇਸ਼ ਕੀਤੇ ਹਨ। ਉਸ ਦੀ ਹਥਲੀ ਪੁਸਤਕ ਤੋਂ ਪਹਿਲਾਂ ਇਕ ਕਹਾਣੀ ਸੰਗ੍ਰਹਿ ਇਹ ਕਿਹੋ ਜਿਹੇ ਰਿਸ਼ਤੇ 2013 ਵਿਚ ਛਪਿਆ ਤੇ ਹੁਣ ਤੇਰਾਂ ਸਾਲ ਬਾਅਦ ਉਹ ਦੂਜਾ ਕਹਾਣੀ ਸੰਗ੍ਰਹਿ ਲੈਕੇ ਪਾਠਕਾਂ ਦੀ ਸੱਥ ਵਿੱਚ ਹਾਜਰ ਹੁੰਦਿਆਂ ਹੋਈ ਦੇਰੀ ਲਈ ਖਿਮਾ ਯਾਚਕ ਹੈ। ਵੱਖ ਵੱਖ ਸਖਸ਼ੀਅਤਾਂ ਨੂੰ ਸਮਰਪਿਤ ਇਹ ਕਹਾਣੀ ਸੰਗ੍ਰਹਿ ਆਪਣਾ ਨਾਟਕੀ ਪ੍ਰਭਾਵ ਵੀ ਦਿਖਾਉਂਦਾ ਹੈ। ਉਸ ਦੇ ਆਪਣੇ ਕਥਨ ਮੁਤਾਬਿਕ ਉਹ ਕਹਾਣੀ ਸੁਣਾਉਣਾ ਜਾਂ ਪੜ੍ਹਾਉਣਾ ਨਹੀਂ ਸਗੋਂ ਪਾਠਕਾਂ ਦੀਆਂ ਅੱਖਾਂ ਸਾਹਮਣੇ ਘਟਦੀ ਦਿਖਾਉਂਦਾ ਹਾਂ। ਹਥਲੀ ਪੁਸਤਕ ਵਿਚ ਇਕ ਦਰਜਨ ਕਹਾਣੀਆਂ ਦਰਜ ਹਨ।

ਇਸ ਪੁਸਤਕ ਦੀਆਂ ਕਹਾਣੀਆਂ ਦੀ ਗੱਲ ਕਰੀਏ ਤਾਂ ਪਹਿਲੀ ਕਹਾਣੀ ਨਵਾਂ ਸੱਭਿਆਚਾਰ ਵੱਖ ਵੱਖ ਥਾਵਾਂ ਦੇ ਸੱਭਿਆਚਾਰ ਬਾਰੇ ਜਾਣਕਾਰੀ ਦਿੰਦੀ ਹੈ। ਪਿੰਡਾਂ ਦਾ ਅਤੇ ਦਿੱਲੀ ਵਰਗੇ ਵੱਡੇ ਸ਼ਹਿਰਾਂ ਦੇ ਸੱਭਿਆਚਾਰ ਵਿੱਚ ਕਿੰਨਾ ਫਰਕ ਹੈ। ਕਹਾਣੀ ਦਾ ਨਾਇਕ ਬਲਵਿੰਦਰ ਸਿੰਘ ਸਿੱਧੂ ਮੂਲ ਰੂਪ ਵਿੱਚ ਪੇਂਡੂ ਹੈ ਪਰ ਉਹ ਦਿੱਲੀ ਜਾ ਕੇ ਵੀ ਉਸ ਸੱਭਿਆਚਾਰ ਵਿੱਚ ਢਲ ਨਹੀਂ ਸਕਿਆ। ਲੋਕਾਂ ਦੇ ਸੁਭਾਅ, ਰਹਿਣ ਸਹਿਣ, ਰਸਮੋ ਰਿਵਾਜ ਦਾ ਜ਼ਮੀਨ ਅਸਮਾਨ ਦਾ ਫਰਕ ਹੈ।

ਕਹਾਣੀ ਰਾਤ ਗਈ ਬਾਤ ਗਈ ਸਮਾਜ ਵਿਚਲੇ ਕੋਹੜ ਨਸ਼ਾ ਅਤੇ ਦਰਖਤਾਂ ਦੇ ਪੁੱਟਣ ਨੂੰ ਆਧਾਰ ਬਣਾਉਦੀ ਹੈ। ਪਾਰਕ ਵਿਚ ਸੈਰ ਲਈ ਆਏ ਵਿਅਕਤੀਆਂ ਦੇ ਚੇਹਰੇ ਮੋਹਰੇ, ਸਰੀਰਕ ਬਣਤਰ, ਚਾਲ ਢਾਲ, ਬੋਲ ਬਾਣੀ ਤੋਂ ਉਹਨਾਂ ਦੇ ਨਾਮਕਰਨ ਪੁਲਸ ਵਾਲਾ, ਸ਼ੁਤਰ ਮੁਰਗ, ਮਗਨ, ਤੇਜ਼ ਚਾਲ ਆਦਿ ਤਸਵਰ ਕੀਤੇ ਗਏ ਹਨ। ਲੋਕ - ਸੇਵਾ ਅਤੇ ਖੂਹ - ਖਾਤਾ ਕਹਾਣੀਆਂ ਕੋਰੋਨਾ ਕਾਲ ਸਮੇਂ ਲੋਕਾਂ ਦੀ ਸਥਿਤੀ ਦੇ ਨਾਲ ਨਾਲ ਉਸ ਬੰਦੇ ਦੀ ਕਹਾਣੀ ਦੱਸਦੀ ਹੈ ਜਿਹੜਾ ਲਾਕ ਡਾਉਨ ਦੀ ਪਰਵਾਹ ਕੀਤੇ ਬਿਨਾਂ ਆਪਣੀ ਬੋਸੀ ਘੋਟਦੇ ਸਲਾਹ ਦਿੰਦੇ ਹਨ।

ਸਰਕਾਰੀ ਜ਼ਮੀਨਾਂ ਤੇ ਹੁੰਦੇ ਗੈਰ ਕਾਨੂੰਨੀ ਕਬਜ਼ਿਆਂ ਤੇ ਪ੍ਰਸ਼ਾਸ਼ਨ ਵਿਚ ਰਾਜਨੀਤਕ ਦਖਲ ਅੰਦਾਜੀ ਨੂੰ ਬਿਆਨ ਕਰਦੀ ਕਹਾਣੀ ਵੋਟ ਦੀ ਤਾਕਤ ਜਿਸ ਵਿਚ ਝੁੱਗੀਆਂ ਵਾਲਿਆਂ ਅਤੇ ਹੋਰਾਂ ਵੱਲੋਂ ਸਰਕਾਰੀ ਜ਼ਮੀਨਾਂ ਤੇ ਹੋਏ ਕਬਜ਼ਿਆਂ ਨੂੰ ਹਟਾਉਣ ਲਈ ਆਏ ਗਵਰਨਰ ਦੇ ਹੁਕਮਾਂ ਦੀ ਤਾਮੀਲ ਕਰ ਰਹੇ ਪ੍ਰਸ਼ਾਸ਼ਨ ਨੂੰ ਕੇਂਦਰ ਵਲੋਂ ਗਵਰਨਰ ਨੂੰ ਬਦਲ ਕੇ ਗੈਰ ਕਾਨੂੰਨੀ ਕਬਜ਼ਿਆਂ ਦੇ ਹੱਕ ਵਿਚ ਸਿਆਸਤ ਦਾ ਸ਼ੀਸ਼ਾ ਪੇਸ਼ ਕੀਤਾ ਹੈ। ਵਿਚਾਰਾ ਇੰਫੋਰਸਮੈਂਟ ਇੰਸਪੈਕਟਰ ਲਲਿਤ ਕੁਮਾਰ ਪ੍ਰਭਾਕਰ ਸਰਕਾਰ ਅਤੇ ਸੀਨੀਅਰਾਂ ਦੇ ਹੁਕਮਾਂ ਵਿੱਚ ਉਲਝਿਆ ਰਹਿੰਦਾ ਹੈ। ਦੂਜੇ ਪਾਸੇ ਕੁਝ ਸਮੇਂ ਬਾਅਦ ਲਲਿਤ ਕੁਮਾਰ ਨੂੰ ਅਸਟੇਟ ਅਫਸਰ ਵਲੋ ਸੌਂਪੀ ਗਈ ਫਾਈਲ ਉਸ ਵਲੋਂ ਆਪਣੇ ਸਹਾਇਕ ਨੂੰ ਕਾਰਵਾਈ ਲਈ ਦਿੱਤੀ ਜਾਂਦੀ ਹੈ ਪਰ ਇਹ ਕਿਸ ਇਲਾਕੇ ਦੇ ਕਬਜ਼ੇ ਹਟਾਉਣ ਵਾਲੀ ਫਾਈਲ ਹੈ, ਕੁਝ ਨਹੀਂ ਦੱਸਿਆ। ਕਹਾਣੀ ਜਾਨ ਹੈ ਜਹਾਨ ਹੈ ਜਿਹੜੀ ਪ੍ਰਵੇਸ਼ ਸੇਠੀ ਨੂੰ ਸਮਰਪਿਤ ਹੈ ਅਤੇ ਨਾਟਕ ਨਹੀਂ ਬਣ ਸਕੀ। ਇਹ ਕਹਾਣੀ ਹਰ ਵਿਅਕਤੀ ਨੂੰ ਕਾਰਜਸ਼ੀਲ ਰਹਿਣ ਲਈ ਪ੍ਰੇਰਦੀ ਹੈ ਭਾਵੇਂ ਕੋਈ ਸੇਵਾ ਮੁਕਤ ਵਿਅਕਤੀ ਹੀ ਕਿਉਂ ਨਾ ਹੋਵੇ। ਕਹਾਣੀ ਦੇ ਪਾਤਰਾਂ ਭਨੋਟ ਅਤੇ ਮਹਿਰਾ ਦੀ ਸੋਚ ਵੱਖ ਵੱਖ ਹੋਣ ਤੇ ਵੀ ਉਹ ਭਨੋਟ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ। ਕਹਾਣੀ ਵਿਚ ਭਨੋਟ ਦੇ ਵਿਹਲੇ ਰਹਿਣ ਅਤੇ ਦਾਰੂ ਪੀਣ ਨਾਲ ਮੌਤ ਦਿਖਾਈ ਗਈ ਹੈ ਪਰ ਉਸ ਦੀ ਉਮਰ ਦਾ ਤਕਾਜ਼ਾ ਵੀ ਰਿਹਾ ਹੈ। ਫਿਰ ਭਨੋਟ ਦੀ ਮੌਤ ਤੋਂ ਬਾਅਦ ਮਹਿਰਾ ਮੁੜ ਘਰ ਦੀਆਂ ਜਿੰਮੇਵਾਰੀਆਂ ਵਿਚ ਵਿਅਸਤ ਹੁੰਦਾ ਹੈ। ਪੁਸਤਕ ਦੀ ਸਿਰਲੇਖਤ ਕਹਾਣੀ ਕਾਣੀ - ਵੰਡ ਸਾਡੇ ਸਮਾਜ ਵਿਚ ਪੈਦਾ ਹੋਏ ਭੇਦ ਭਾਵ ਦੀ ਖ਼ੂਬਸੂਰਤ ਤਸਵੀਰ ਸਿਰਜਦੀ ਹੈ। ਨੋਟ ਬੰਦੀ ਦਾ ਆਮ ਲੋਕਾਂ ਤੇ ਪਏ ਪ੍ਰਭਾਵ ਨੂੰ ਦਰਸਾਉਂਦੀ ਹੈ। ਇਕ ਪਾਸੇ ਰੁਲਦੂ ਨੂੰ ਆਪਣੀ ਧੀ ਦੇ ਵਿਆਹ ਲਈ ਪੈਸੇ ਨਹੀਂ ਮਿਲਦੇ ਜਿਸ ਕਾਰਨ ਉਸ ਦੀ ਲੇੜਕੀ ਆਤਮ ਹੱਤਿਆ ਕਰਦੀ ਹੈ ਤੇ ਦੂਜੇ ਪਾਸੇ ਮੇਅਰ ਦੇ ਮੁੰਡੇ ਦੇ ਵਿਆਹ ਲਈ ਨੋਟਾਂ ਦੇ ਖੁੱਲ੍ਹੇ ਗੱਫੇ ਜਿਹੜੇ ਜੰਞ ਉਤੇ ਸੁੱਟੇ ਜਾਂਦੇ ਹਨ। ਖੇਡ ਕਾਰਡ ਦੀ ਤੋਂ ਬਣੀ ਅਗਲੀ ਕਹਾਣੀ ਜੀਵਨ - ਜਾਚ, ਕਹਾਣੀ ਦੇ ਪਾਤਰ ਰਮਿੰਦਰਜੀਤ ਗਿੱਲ ਨੂੰ ਸਮਰਪਿਤ ਕੀਤੀ ਹੈ ਜਿਹੜਾ ਆਸਟ੍ਰੇਲੀਆ ਤੋਂ ਆਪਣੇ ਮ੍ਰਿਤਕ ਮਿੱਤਰ ਸੁਖਦੀਪ ਦੀਆਂ ਯਾਦਾਂ ਸਮੋਈ ਉਸ ਦੇ ਭੋਗ ਤੇ ਆਉਂਦਾ ਹੈ। ਪੁਸਤਕ ਦੀਆਂ ਹੋਰ ਕਹਾਣੀਆਂ ਖ਼ਾਨਾ ਬਦੋਸ਼ ਆਪਣੇ ਪੁਰਖਿਆਂ ਦੇ ਸਥਾਨ ਬਦਲੀ ਕਰਕੇ ਇਕ ਥਾਂ ਦਾ ਪੱਕਾ ਵਸਨੀਕ ਨਹੀਂ ਮੰਨਦਾ ਪਾਤਰ ਰਣਵੀਰ। ਕਹਾਣੀ ਬਰਸਾਤੀ ਡੱਡੂ ਉਹਨਾਂ ਲੋਕਾਂ ਦੀ ਗੱਲ ਕਰਦੀ ਹੈ ਜਿਹੜੇ ਮਤਲਬ ਦੇ ਹੁੰਦੇ ਹਨ ਪਰ ਮੁੜ ਕਹਾਣੀਕਾਰ ਖੁਦ ਸਰੀਰਕ ਤੌਰ ਤੇ ਠੀਕ ਨਾ ਹੋਣ ਕਰਕੇ ਆਪਣੇ ਆਪ ਨੂੰ ਵੀ ਬਰਸਾਤੀ ਡੱਡੂ ਮੰਨਣ ਲੱਗ ਪੈਂਦਾ ਹੈ। ਕਹਾਣੀ ਅਸ਼ੀਰਵਾਦ ਆਸਥਾ ਨਾਲ ਲਬਰੇਜ਼ ਹੈ। ਇਸੇ ਤਰ੍ਹਾਂ ਪੁਸਤਕ ਦੀ ਆਖਰੀ ਕਹਾਣੀ ਰੁਤਬੇ ਦੇ ਰੰਗ ਢੰਗ ਕੁਰਸੀ ਨੂੰ ਸਲਾਮ ਜਾਂ ਚੜ੍ਹਦੇ ਸੂਰਜ ਨੂੰ ਸਲਾਮ ਦੀ ਗੱਲ ਕਰਦੀ ਹੈ। ਕਹਾਣੀ ਦੇ ਪਾਤਰ ਬਤਰਾ ਸੇਵਾ ਮੁਕਤੀ ਤੋਂ ਬਾਅਦ ਚੱਲੇ ਹੋਏ ਕਾਰਤੂਸ ਵਾਂਗ ਸਿੱਧ ਹੁੰਦੇ ਹਨ।

ਪੁਸਤਕ ਦੀਆਂ ਕਹਾਣੀਆਂ ਸਰਲ ਭਾਸ਼ਾ ਅਤੇ ਚਲੰਤ ਵਿਸ਼ਿਆਂ ਤੇ ਅਧਾਰਤ ਹਨ। ਪੁਸਤਕ ਵਿਚ ਸ਼ਬਦ ਜੋੜ ਅਤੇ ਪਰੂਫ ਰਿਡਿੰਗ ਦੀ ਘਾਟ ਮਹਿਸੂਸ ਹੋਈ ਹੈ। ਫਿਰ ਵੀ ਕਹਾਣੀਆਂ ਨੇ ਆਪਣੀ ਦਿਲਚਸਪੀ ਬਣਾਈ ਰੱਖੀ। ਇਸ ਪੁਸਤਕ ਦਾ ਪੰਜਾਬੀ ਸਾਹਿਤ ਵਿਚ ਸਵਾਗਤ ਕਰਦਿਆਂ ਲੇਖਕ ਤੋਂ ਹੋਰ ਚੰਗੇਰੀਆਂ ਕਹਾਣੀਆਂ ਦੀ ਉਮੀਦ ਹੈ।






**ਰਿਵਿਊਕਾਰ – ਤੇਜਿੰਦਰ ਚੰਡਿਹੋਕ**
**ਸਾਬਕਾ ਏ ਐਸ ਪੀ ਅਤੇ ਬਾਨੀ /ਪ੍ਰਧਾਨ,**
**ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।**
**ਸੰਪਰਕ 95010–00224**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com